ੴ ਵਾਹਿਗੁਰੂ ਜੀ ਕੀ ਫ਼ਤਹਿ।।

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 18/07 ਜੁਲਾਈ 2018 - ਨਾਨਕਸ਼ਾਹੀ ਹਾੜ 550

## ਇਤਿਹਾਸਿਕ ਦਿਹਾੜੇ

### ਜੁਲਾਈ ਅਤੇ ਅਗਸਤ 2018

| | |
|---|---|
| ਸ਼ਹੀਦੀ ਭਾਈ ਮਨੀ ਸਿੰਘ ਜੀ | 9 ਜੁਲਾਈ |
| ਸ਼ਹੀਦੀ ਭਾਈ ਤਾਰੂ ਸਿੰਘ | 16 ਜੁਲਾਈ |
| ਮੀਰੀ ਪੀਰੀ ਦਿਵਸ | 22 ਜੁਲਾਈ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਸਾਹਿਬ ਜੀ | 6 ਅਗਸਤ |
| ਮੋਰਚਾ ਗੁਰੂ ਕਾ ਬਾਗ | 8 ਅਗਸਤ |
| ਸੰਪੂਰਨਤਾ ਦਿਵਸ ਗੁਰੂ ਗ੍ਰੰਥ ਸਾਹਿਬ ਜੀ | 30 ਅਗਸਤ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

**ਸਾਵਣਿ ਸਰਸੀ ਕਾਮਣੀ, ਚਰਨ ਕਮਲ ਸਿਉ ਪਿਆਰੁ ॥**
**ਮਨੁ ਤਨੁ ਰਤਾ ਸਚ ਰੰਗਿ, ਇਕੋ ਨਾਮੁ ਅਧਾਰੁ ॥**
**ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥**
**ਹਰਿ ਅੰਮ੍ਰਿਤ ਬੂੰਦ ਸੁਹਾਵਣੀ, ਮਿਲਿ ਸਾਧੂ ਪੀਵਣਹਾਰੁ ।**
**ਵਣੁ ਤਿਣੁ ਪ੍ਰਭ ਸੰਗਿ ਮਉਲਿਆ, ਸੰਮ੍ਰਥ ਪੁਰਖ ਅਪਾਰੁ ॥**
**ਹਰਿ ਮਿਲਣੈ ਨੋ ਮਨੁ ਲੋਚਦਾ, ਕਰਮਿ ਮਿਲਾਵਣਹਾਰੁ ॥**
**ਜਿਨੀ ਸਖੀਏ ਪ੍ਰਭੁ ਪਾਇਆ, ਹਉ ਤਿਨ ਕੈ ਸਦ ਬਲਿਹਾਰ ।**
**ਨਾਨਕ ਹਰਿ ਜੀ ਮਇਆ ਕਰਿ, ਸਬਦਿ ਸਵਾਰਣਹਾਰੁ ॥**
**ਸਾਵਣੁ ਤਿਨਾ ਸੁਹਾਗਣੀ, ਜਿਨ ਰਾਮ ਨਾਮੁ ਉਰਿ ਹਾਰੁ ॥ ੬ ॥ (ਪੰਨਾ ੧੩੪)**

**ਪਦ ਅਰਥ:-** ਸਾਵਣਿ-ਸਾਵਣ ਵਿਚ । ਸਰਸੀ -ਸ-ਰਸੀ, ਰਸ ਵਾਲੀ, ਹਰਿਆਵਲੀ । ਕਾਮਣੀ-ਜੀਵ-ਇਸਤ੍ਰੀ । ਸਚ ਰੰਗਿ-ਸੱਚੇ ਦੇ ਪਿਆਰ ਵਿਚ । ਆਧਾਰੁ-ਆਸਰਾ । ਬਿਖਿਆ ਰੰਗ-ਮਾਇਆ ਦੇ ਰੰਗ । ਦਿਸਨਿ-ਦਿੱਸਦੇ ਹਨ । ਛਾਰੁ-ਸੁਆਹ । ਸਾਧੂ-ਗੁਰੂ । ਪੀਵਣਹਾਰ-ਪੀਣ ਜੋਗਾ । ਤਿਣੁ-ਘਾਹ । ਮਉਲਿਆ-ਹਰਿਆ-ਭਰਿਆ । ਕਰਮਿ-ਮਿਹਰ ਨਾਲ । ਮਇਆ-ਦਇਆ । ਸਬਦਿ-ਸ਼ਬਦ ਦੀ ਰਾਹੀਂ । ਉਰਿ-ਹਿਰਦੇ ਵਿਚ ।

**ਅਰਥ :-** ਜਿਵੇਂ ਸਾਵਣ ਵਿਚ (ਵਰਖਾ ਨਾਲ ਬਨਸਪਤੀ ਹਰਿਆਵਲੀ ਹੋ ਜਾਂਦੀ ਹੈ, ਤਿਵੇਂ ਉਹ) ਜੀਵ-ਇਸਤ੍ਰੀ ਹਰਿਆਵਲੀ ਹੋ ਜਾਂਦੀ ਹੈ (ਭਾਵ, ਉਸ ਜੀਵ ਦਾ ਹਿਰਦਾ ਖਿੜ ਪੈਂਦਾ ਹੈ) ਜਿਸ ਦਾ ਪਿਆਰ ਪ੍ਰਭੂ ਦੇ ਸੋਹਣੇ ਚਰਨਾਂ ਨਾਲ ਬਣ ਜਾਂਦਾ ਹੈ । ਉਸ ਦਾ ਮਨ ਉਸ ਦਾ ਤਨ ਪਰਮਾਤਮਾ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ, ਪਰਮਾਤਮਾ ਦਾ ਨਾਮ ਹੀ (ਉਸ ਦੀ ਜ਼ਿੰਦਗੀ ਦਾ) ਆਸਰਾ ਬਣ ਜਾਂਦਾ ਹੈ, ਮਾਇਆ ਦੇ ਨਾਸਵੰਤ ਕੌਤਕ ਉਸ ਨੂੰ ਸਾਰੇ ਸੁਆਹ ( ਨਿਕੰਮੇ) ਦਿਸਦੇ ਹਨ । (ਸਾਵਣ ਵਿਚ ਜਿਵੇਂ ਵਰਖਾ ਦੀ ਬੂੰਦ ਸੋਹਣੀ ਲੱਗਦੀ ਹੈ, ਤਿਵੇਂ ਪ੍ਰਭੂ-ਚਰਨਾਂ ਦੇ ਪਿਆਰ ਵਾਲੇ ਬੰਦੇ ਨੂੰ) ਹਰੀ ਦੇ ਨਾਮ ਦੀ ਆਤਮਕ ਜੀਵਨ ਦੇਣ ਵਾਲੀ ਬੂੰਦ ਪਿਆਰੀ ਲੱਗਦੀ ਹੈ, ਗੁਰੂ ਨੂੰ ਮਿਲ ਕੇ ਉਹ ਮਨੁੱਖ ਉਸ ਬੂੰਦ ਨੂੰ ਪੀਣ ਜੋਗਾ ਹੋ ਪੈਂਦਾ ਹੈ (ਪ੍ਰਭੂ ਦੀ ਵਡਿਆਈ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਭੀ ਉਸ ਨੂੰ ਮਿੱਠੀਆਂ ਲੱਗਦੀਆਂ ਹਨ, ਗੁਰੂ ਨੂੰ ਮਿਲ ਕੇ ਬੜੇ ਸ਼ੌਕ ਨਾਲ ਸੁਣਦਾ ਹੈ)।

ਜਿਸ ਪ੍ਰਭੂ ਦੇ ਮੇਲ ਨਾਲ ਸਾਰਾ ਜਗਤ (ਬਨਸਪਤੀ ਆਦਿਕ) ਹਰਿਆ-ਭਰਿਆ ਹੋਇਆ ਹੈ, ਜੋ ਪ੍ਰਭੂ ਸਭ ਕੁਝ ਕਰਨ ਜੋਗਾ ਹੈ ਵਿਆਪਕ ਹੈ ਤੇ ਬੇਅੰਤ ਹੈ, ਉਸ ਨੂੰ

ਮਿਲਣ ਵਾਸਤੇ ਮੇਰਾ ਮਨ ਭੀ ਤਾਂਘਦਾ ਹੈ, ਪਰ ਉਹ ਪ੍ਰਭੂ ਆਪ ਹੀ ਆਪਣੀ ਮਿਹਰ ਨਾਲ ਮਿਲਾਣ ਦੇ ਸਮਰੱਥ ਹੈ। ਮੈਂ ਉਹਨਾਂ ਗੁਰਸੁਖ ਸਹੇਲੀਆਂ ਤੋਂ ਸਦਕੇ ਹਾਂ, ਸਦਾ ਕੁਰਬਾਨ ਹਾਂ ਜਿਨ੍ਹਾਂ ਨੇ ਪ੍ਰਭੂ ਦਾ ਮਿਲਾਪ ਹਾਸਲ ਕਰ ਲਿਆ ਹੈ।

ਹੇ ਨਾਨਕ ! (ਬੇਨਤੀ ਕਰ ਤੇ ਆਖ–) ਹੇ ਪ੍ਰਭੂ ! ਮੇਰੇ ਉੱਤੇ ਮਿਹਰ ਕਰ ਤੂੰ ਆਪ ਹੀ ਗੁਰੂ ਦੇ ਸ਼ਬਦ ਦੀ ਰਾਹੀਂ (ਮੇਰੀ ਜਿੰਦ ਨੂੰ) ਸਵਾਰਨ ਜੋਗਾ ਹੈਂ।

ਸਾਵਣ ਦਾ ਮਹੀਨਾ ਉਹਨਾਂ ਭਾਗਾਂ ਵਾਲੀਆਂ (ਜੀਵ–ਇਸਤ੍ਰੀਆਂ) ਵਾਸਤੇ (ਖੇੜਾ ਤੇ ਠੰਢ ਲਿਆਉਣ ਵਾਲਾ) ਹੈ ਜਿਨ੍ਹਾਂ ਨੇ ਆਪਣੇ ਹਿਰਦੇ (ਰੂਪ ਗਲ) ਵਿਚ ਪਰਮਾਤਮਾ ਦਾ ਨਾਮ (ਰੂਪ) ਹਾਰ ਪਾਇਆ ਹੋਇਆ ਹੈ। ੬।

## ਬਿਰਦ ਕੀ ਪੈਜ

**ਭਾਈ ਪਿੰਦਰਪਾਲ ਸਿੰਘ ਜੀ 'ਕਥਾਵਾਚਕ'**

ਬਿਰਦ ਅਤੇ ਪੈਜ ਸ਼ਬਦ ਦੀ ਵਰਤੋਂ ਹਜ਼ੂਰ ਨੇ ਕਈ ਵਾਰੀ ਬਾਣੀ ਵਿੱਚ ਕੀਤੀ ਹੈ। ਜਦੋਂ ਅਸੀਂ ਸ਼ਬਦ ਪੜ੍ਹਦੇ ਹਾਂ ਬਿਰਦ ਦੀ ਪੈਜ ਤੇ ਸੁਖੈਨ ਤਰੀਕੇ ਨਾਲ ਸਮਝਾਉਣ ਵਾਲੇ ਵਿਦਵਾਨਾਂ ਨੇ ਸ਼ਬਦ ਕਹਿ ਦਿੱਤੇ ਕਿ, ਹੇ ਮੇਰੇ ਮਾਲਕ ਜੀ ! ਖ਼ਾਲਸਾ ਤੇਰੇ ਚਰਨਾਂ ਵਿੱਚ ਇੱਕ ਅਰਦਾਸ ਕਰਦਾ ਹੈ ਕਿ ਤੁਸੀਂ ਕ੍ਰਿਪਾ ਕਰਕੇ ਬਿਰਦ ਦੀ ਪੈਜ ਰੱਖਿਆ ਜੇ।

ਬਿਰਦ ਦਾ ਅੱਖਰੀ ਅਰਥ ਕਰਾਂਗੇ ਮੁੱਢ ਕਦੀਮਾਂ ਦਾ ਸੁਭਾਉ ਤੇ ਪੈਜ ਦਾ ਅਰਥ ਕਰਾਂਗੇ ਇੱਜ਼ਤ। ਦੇਖੋ ਪ੍ਰਮਾਤਮਾ ਦਾ ਵੀ ਬਿਰਦ ਹੈ, ਗੁਰੂ ਦਾ ਵੀ ਬਿਰਦ ਹੈ ਤੇ ਜਿਹੜਾ ਖ਼ਾਲਸਾ ਅਰਦਾਸ ਕਰਦਾ ਹੈ, ਉਸ ਦਾ ਵੀ ਬਿਰਦ ਹੈ। ਖ਼ਾਲਸਾ ਕਹਿੰਦਾ ਹੈ ਕਿ ਜਿਹੜਾ ਮੇਰਾ ਸੁਭਾਅ ਹੈ, ਤੂੰ ਮੇਹਰ ਕਰੀਂ ਕਿ ਮੇਰੇ ਬਿਰਦ ਦੀ ਪੈਜ ਰਹਿ ਜਾਏ। ਪ੍ਰਮਾਤਮਾ ਦਾ ਬਿਰਦ ਕੀ ਹੈ ? ਸਭ ਤੋਂ ਪਹਿਲਾਂ ਪ੍ਰਮਾਤਮਾ ਦਾ ਬਿਰਦ ਇਹ ਹੈ ਕਿ ਉਸ ਨੇ ਜੋ ਕੁਝ ਵੀ ਪੈਦਾ ਕੀਤਾ ਹੈ, ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ, ਆਪਣੇ ਸੁਭਾਅ ਦੇ ਮੁਤਾਬਿਕ ਹਰ ਇੱਕ ਨੂੰ ਰਿਜ਼ਕ ਪਿਆ ਦਿੰਦਾ ਹੈ। ਦੂਜਾ ਉਸ ਦਾ ਬਿਰਦ ਇਹ ਹੈ ਕਿ ਕੇਵਲ ਉਹ ਰੋਜ਼ੀ ਨਹੀਂ ਦਿੰਦਾ, ਸੱਚ ਜਾਣਨਾ, ਪ੍ਰਮਾਤਮਾ ਦਾ ਅਗਲਾ ਬਿਰਦ ਹੈ ਉਹ ਭਗਤੀ ਵਾਲਿਆਂ ਨੂੰ ਸਤਿਕਾਰ ਵੀ ਦਿੰਦਾ ਹੈ। ਤੀਜਾ ਉਸ ਦਾ ਬਿਰਦ ਹੈ ਰੱਬ ਉਹਨਾਂ ਨੂੰ ਵੀ ਬਖ਼ਸ਼ ਦਿੰਦਾ ਹੈ ਜਿਹੜੇ ਉਸ ਦੇ ਵਿਰੋਧ ਵਿੱਚ ਬੋਲਦੇ ਹਨ। ਪਾਪੀਆਂ, ਕੁਕਰਮੀਆਂ ਤੇ ਇਖ਼ਲਾਕ ਤੋਂ ਡਿੱਗੇ ਹੋਇਆਂ ਨੂੰ, ਜਿਨ੍ਹਾਂ ਨੂੰ ਸਮਾਜ ਵੀ ਪ੍ਰਵਾਨ ਨਹੀਂ ਕਰਦਾ, ਰੱਬ ਦਾ ਬਿਰਦ ਹੈ ਕਿ ਉਹਨਾਂ ਨੂੰ ਆਪਣੇ ਘਰ ਵਿੱਚ ਥਾਂ ਦੇ ਦਿੰਦਾ ਹੈ।

ਬੱਚੇ ਦਾ ਜਨਮ ਬਾਅਦ ਵਿੱਚ ਹੁੰਦਾ ਹੈ ਤੇ ਮਾਂ ਦਾ ਦੁੱਧ ਪ੍ਰਮਾਤਮਾ ਪਪਹਿਲਾਂ ਪੈਦਾ ਕਰ ਦਿੰਦਾ ਹੈ। ਇਹ ਨਾ ਸਮਝਿਉ ਕਿ ਬਿਰਦ ਦਾ ਮਤਲਬ ਬੰਦੇ ਨੂੰ ਰੋਜ਼ੀ ਦੇਣਾ ਹੈ। ਕਹਿਣ ਲੱਗੇ, ਰੱਬ ਦਾ ਸੁਭਾਅ ਇਹ ਹੈ ਕਿ ਜਿਹੜੇ ਦਿਨ ਰਾਤ ਉਸ ਨੂੰ ਗਾਲ੍ਹਾਂ ਕੱਢਦੇ ਹਨ, ਉਹ ਰੋਜ਼ੀ ਉਹਨਾਂ ਨੂੰ ਵੀ ਦੇਈ ਜਾਂਦਾ ਹੈ। ਸਾਹਿਬ ਨੇ ਸ਼ਬਦ ਵਰਤਿਆ–

ਪਹਿਲੋ ਦੇ ਤੈਂ ਰਿਜਕੁ ਸਮਾਹਾ ॥ ਪਿਛੋ ਦੇ ਤੈਂ ਜੰਤੁ ਉਪਾਹਾ ॥੬॥

ਮਾਝ (ਮਃ ੫) – ਅੰਗ ੧੩੦

ਗੁਰੂ ਗ੍ਰੰਥ ਸਾਹਿਬ ਦੇ ਰਾਗ ਆਸਾ ਦਾ ਸ਼ਬਦ ਹੈ ਤੇ ਉਸ ਸ਼ਬਦ ਦੇ ਉਚਾਰਨ ਕਰਤਾ ਹਨ ਭਗਤ ਧੰਨਾ ਜੀ। ਉਹਨਾਂ ਨੇ ਸ਼ਬਦ ਵਰਤੇ ਹਨ, ਹੇ ਪ੍ਰਮਾਤਮਾ ! ਤੇਰਾ ਇੱਕ ਸੁਭਾਅ ਹੈ, ਮਨੁੱਖ ਇਹ ਨਾ ਸਮਝੇ ਕਿ ਸਾਨੂੰ ਮਾਂ-ਬਾਪ ਪਾਲਦੇ ਪਏ ਹਨ, ਤੇਰੇ ਤੋਂ ਬਿਨਾਂ ਮਾਂ ਵੀ ਨਹੀਂ ਪਾਲ ਸਕਦੀ ਤੇ ਪਿਉ ਵੀ ਨਹੀਂ ਪਾਲ ਸਕਦਾ। ਦੂਜਾ ਬਚਨ ਕੀਤਾ ਕਿ ਕੇਵਲ ਮਨੁੱਖ ਦੇ ਬੱਚੇ ਨੂੰ ਨਹੀਂ, ਕਹਿਣ ਲੱਗੇ ਪਾਣੀ ਵਿੱਚ ਰਹਿਣ ਵਾਲੀ ਇੱਕ ਕੱਛੂਕੁਮੀ ਹੈ, ਉਹ ਆਪਣੇ ਆਂਡੇ ਬਾਹਰ ਦਿੰਦੀ ਹੈ, ਆਪ ਪਾਣੀ ਵਿੱਚ ਬੈਠੀ ਹੈ। ਮਨੁੱਖ ਦੇ ਬੱਚੇ ਨੂੰ ਤਾਂ ਮਾਂ ਦੇ ਉਂਦਰ ਵਿੱਚ ਰੋਟੀ ਦੇ ਕੇ ਪਾਲਦਾ ਹੈ ਤੇ ਜਦੋਂ ਉਸ ਕੱਛੂਕੁਮੀ ਦੇ ਆਂਡੇ ਬਾਹਰ ਹੋਣ ਤੇ ਉਸ ਦੇ ਧਿਆਨ ਨੂੰ ਤੂੰ ਇੰਨੀ ਖ਼ੁਰਾਕ ਦੇ ਦਿੱਤੀ ਹੈ ਕਿ ਧਿਆਨ ਨਾਲ ਹੀ ਆਂਡੇ ਵਿੱਚ ਆਪਣੇ ਬੱਚੇ ਨੂੰ ਰੋਜ਼ੀ ਦਿੰਦੀ ਹੈ। ਅਸਲ ਵਿੱਚ ਕੱਛੂਕੁਮੀ ਨਹੀਂ, ਉਸ ਦੇ ਧਿਆਨ ਵਿੱਚ ਤੇਰਾ ਬਿਰਦ ਵੱਸਦਾ ਪਿਆ ਹੈ। ਅਗਲਾ ਬਚਨ ਕੀਤਾ ਕਿ ਕੇਵਲ ਮਨੁੱਖ ਨਹੀਂ, ਕੇਵਲ ਪਾਣੀ ਵਿੱਚ ਰਹਿਣ ਵਾਲੇ ਜੀਵ ਨਹੀਂ, ਇਥੋਂ ਤੱਕ ਕਿ ਜਿਹੜੇ ਪੱਥਰ ਬਿਲਕੁਲ ਚਾਰ ਚੁਫੇਰਿਉਂ ਬੰਦ ਹਨ, ਉਸ ਦੇ ਵਿੱਚ ਇੱਕ ਕੀੜਾ ਬੈਠਾ ਹੈ, ਮਨੁੱਖ ਕਹੇਗਾ ਕੱਛੂਕੁਮੀ ਤਾਂ ਪਾਣੀ ਤੋਂ ਬਾਹਰ ਵੀ ਆਉਂਦੀ ਹੈ, ਮਨੁੱਖ ਦੇ ਬੱਚੇ ਨੂੰ ਰੋਟੀ ਮਾਂ ਰਾਹੀਂ ਮਿਲਦੀ ਹੈ, ਪਰੰਤੂ ਪੱਥਰ ਦੇ ਕੀੜੇ ਵਿੱਚ ਤਾਂ ਕੋਈ ਰਿਜ਼ਕ ਪਹੁੰਚਾਉਣ ਦਾ ਵਸੀਲਾ ਨਹੀਂ। ਪੱਥਰ ਦੇ ਵਿੱਚ ਜੰਮੇ ਹੋਏ ਕੀੜੇ ਨੂੰ ਵੀ ਤੂੰ ਰਿਜ਼ਕ ਦਿੰਦਾ ਪਿਆ ਹੈਂ। ਪੱਥਰਾਂ ਵਿੱਚ ਰਿਜ਼ਕ ਦੇਣ ਵਾਲਿਆ ! ਆਪਣੇ ਬਿਰਦ ਦੀ ਪੈਜ ਰੱਖੀਂ। ਉਹਨਾਂ ਦਾ ਸ਼ਬਦ ਆਉਂਦਾ ਹੈ-

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ ॥
ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥੧॥ ਰਹਾਉ ॥
ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥
ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥੧॥
ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ ॥
ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥੨॥
ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥
ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥੩॥੩॥

ਆਸਾ (ਭ. ਧੰਨਾ) – ਅੰਗ ੪੮੮

ਮਨਾ ! ਕਿਉਂ ਡਰੀ ਜਾਂਦਾ ਹੈ, ਰੱਬ ਨੇ ਆਪਣੇ ਬਿਰਦ ਦੀ ਪੈਜ ਰੱਖਣੀ ਹੈ, ਤੈਨੂੰ ਰੋਜ਼ੀ ਜ਼ਰੂਰ ਦੇਵੇਗਾ। ਕਦੀ ਕਲਗੀਧਰ ਜੀ ਨੂੰ ਪੁੱਛੋ। ਕਹਿਣ ਲੱਗੇ, ਅਸੀਂ ਕਿਸੇ ਨੂੰ ਕੀ ਸੰਭਾਲੀਏ, ਸਾਡਾ ਆਪਣਾ ਸੁਆਰਥ ਹੀ ਪਿੱਛੇ ਕੰਮ ਕਰਦਾ ਹੈ। ਜੇ ਮੈਂ ਦੋ ਪੈਸੇ ਗੁਰੂ ਦੀ

ਗੋਲਕ ਵਿੱਚ ਪਾਵਾਂਗਾ ਤੇ ਕਰੋੜਾਂ ਵਿਚੋਂ ਇੱਕ ਅੱਧਾ ਹੋਵੇਗਾ ਜਿਹੜਾ ਕੇਵਲ ਭੇਟਾ ਕਰਨ ਆਉਂਦਾ ਹੈ, ਨਹੀਂ ਤਾਂ ਕਹਿੰਦੇ ਹਨ, ਇੱਕ ਦਿੱਤਾ ਹੈ ਤੇ ਸੁਣੀਦਾ ਹੈ ਕਿ ਤੈਨੂੰ ਇੱਕ ਦੇਈਏ ਤਾਂ ਇਸ ਦੇ ਬਦਲੇ ਤੂੰ ਹਜ਼ਾਰ ਦਿੰਦਾ ਹੈਂ। ਇਸ ਦਾ ਮਤਲਬ ਸ਼ੁਕਰ ਨਹੀਂ, ਮੈਂ ਆਪਣੇ ਸੁਆਰਥ ਨੂੰ ਤੈਨੂੰ ਮੱਥਾ ਟੇਕਦਾ ਪਿਆ ਹਾਂ। ਹਜ਼ੂਰ ਕਲਗੀਧਰ ਜੀ ਕਹਿੰਦੇ ਹਨ ਕਿ ਨਾ ਤੈਨੂੰ ਕਾਮ ਛੂੰਹਦਾ ਹੈ, ਨਾ ਕ੍ਰੋਧ ਛੂੰਹਦਾ ਹੈ, ਨਾ ਤੈਨੂੰ ਕੋਈ ਤਮਾ ਹੈ ਕਿ ਤੂੰ ਇੰਨੇ ਜੀਵਾਂ ਨੂੰ ਰੋਜ਼ੀ ਦਿੰਦਾ ਹੈ, ਤੇਰੀ ਉਹ ਜੈ ਜੈਕਾਰ ਕਰਨ। ਜੇ ਨਾ ਵੀ ਕਰਨ ਤਾਂ ਤੇਰਾ ਸੁਭਾਅ ਹੈ ਕਿ ਤੂੰ ਰੋਜ਼ੀ ਦੇਈ ਜਾ ਰਿਹਾ ਹੈ। ਕਹਿਣ ਲੱਗੇ-

**ਕਾਮ ਨ ਕ੍ਰੋਧ ਨ ਲੋਭ ਨ ਮੋਹ ਨ ਰੋਗ ਨ ਸੋਗ ਨ ਭੋਗ ਨ ਭੈ ਹੈ ॥**
**ਦੇਹ ਬਿਹੀਨ ਸਨੇਹ ਸਭੋ ਤਨ ਨੇਹ ਬਿਰਕਤ ਅਗੇਹ ਅਛੈ ਹੈ ॥**

**ਜਾਨ ਕੋ ਦੇਤ ਅਜਾਨ ਕੋ ਦੇਤ**

ਇਥੇ ਜਾਨ ਕੋ ਦੇਤ ਦਾ ਅਰਥ ਹੈ, ਜਿਹੜੇ ਗਿਆਨੀ ਹਨ, ਜਿਹੜੇ ਜਾਣਕਾਰ ਹਨ, ਜਿਨ੍ਹਾਂ ਦੇ ਦਿਮਾਗ਼ ਵਿੱਚ ਰੱਬ ਨੇ ਬੜਾ ਗਿਆਨ ਪ੍ਰਗਟ ਕਰ ਦਿੱਤਾ ਹੈ। ਕੋਈ ਇੰਜੀਨੀਅਰ ਹੈ, ਕੋਈ ਡਾਕਟਰ ਹੈ, ਕੋਈ ਵਕੀਲ ਹੈ, ਕੋਈ ਕੀਰਤਨੀਆ ਹੈ, ਕੋਈ ਲਿਖਾਰੀ ਹੈ, ਕੇਵਲ ਤੂੰ ਜਾਣਕਾਰੀ ਰੱਖਣ ਵਾਲਿਆਂ ਨੂੰ ਰੋਟੀ ਨਹੀਂ ਦਿੰਦਾ, ਤੇਰਾ ਤਾਂ ਬਿਰਦ ਹੀ ਇਹ ਹੈ ਕਿ ਜਿਸ ਨੂੰ ਇੱਕ ਅੱਖਰ ਨਹੀਂ ਆਉਂਦਾ, ਰੋਟੀ ਖਾਣ ਦੀ ਜਾਚ ਤੂੰ ਉਸ ਨੂੰ ਵੀ ਦਿੱਤੀ ਹੋਈ ਹੈ। ਇਹ ਬਿਰਦ ਕੀ ਪੈਜ ਹੈ।-

**ਜਾਨ ਕੋ ਦੇਤ ਅਜਾਨ ਕੋ ਦੇਤ ਜ਼ਮੀਨ ਕੋ ਦੇਤ ਜ਼ਮਾਨ ਕੋ ਦੈ ਹੈ ॥**
**ਕਾਹੇ ਕੋ ਡੋਲਕ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੈ ਹੈ ॥**

ਕਿਉਂ ਮਨਾਂ ਤੂੰ ਡੋਲੀ ਜਾਂਦਾ ਹੈ, ਰੱਬ ਨੇ ਆਪਣੇ ਬਿਰਦ ਦੀ ਪੈਜ ਰੱਖਣੀ ਹੈ, ਉਸ ਨੇ ਤੈਨੂੰ ਰੋਜ਼ੀ ਜ਼ਰੂਰ ਦੇਣੀ ਹੈ।

ਗੁਰੂ ਕਲਗੀਧਰ ਜੀ ਨੇ ਇੱਕ ਬਚਨ ਹੋਰ ਕਿਹਾ ਹੈ। ਕਹਿੰਦੇ ਹਨ ਰੱਬ ਦਾ ਇੱਕ ਸੁਭਾਅ ਹੈ-

**ਦੀਨਿਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰਿ ਗਨੀਮਨ ਗਾਰੈ ॥**
**ਪਛ ਪਸੂ ਨਗ ਨਾਗ ਨਰਾਧਿਪ ਸਰਬ ਸਮੈ ਸਭ ਕੋ ਪ੍ਰਤਿਪਾਰੈ ॥**
**ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲਿ ਕੇ ਨਹੀ ਕਰਮ ਬਿਚਾਰੈ ॥**
**ਦੀਨ ਦਇਆਲ ਦਇਆਨਿਧਿ ਦੋਖਨ ਦੇਖਤ ਹੈ**
**ਪਰੁ ਦੇਤ ਨ ਹਾਰੈ ॥੧॥੨੪੩॥ ਅਕਾਲ ਉਸਤਤਿ**

ਤੈਨੂੰ ਪਤਾ ਨਹੀਂ, ਸਾਡੇ ਅੰਦਰ ਨੂੰ ਜਾਣਦਾ ਨਹੀਂ। ਦੇਖੋ ਅਸੀਂ ਮਾਂ-ਬਾਪ ਤੋਂ ਪਰਦਾ ਪਾ ਸਕਦੇ ਹਾਂ। ਅਸੀਂ ਭਰਾਵਾਂ ਤੋਂ ਪਰਦਾ ਪਾ ਸਕਦੇ ਹਾਂ। ਆਪਣੇ ਜੀਵਨ ਸਾਥੀ

ਤੋਂ ਪਰਦਾ ਪਾ ਸਕਦੇ ਹਾਂ। ਮੈਂ ਕਹਿੰਦਾ ਹਾਂ, ਰੱਬਾ, ਤੇਰਾ ਸ਼ੁਕਰ ਕਿਉਂ ਨਾ ਕਰੀਏ। ਜੇ ਕਿਤੇ ਸਾਡੇ ਅੰਦਰ ਦੇ ਫੁਰਨੇ ਬਿਲਕੁਲ ਪ੍ਰਗਟ ਹੋ ਕੇ ਦਿੱਸਦੇ, ਤਾਂ ਸ਼ਾਇਦ ਇਕ ਜਨਮ ਦੇਣ ਵਾਲੀ ਮਾਂ ਵੀ ਆਪਣੇ ਪੁੱਤਰ ਉੱਪਰ ਭਰੋਸਾ ਨਾ ਕਰਦੀ। ਤੂੰ ਇੰਨਾ ਵਿਸ਼ਵਾਸ ਪੈਦਾ ਕਰ ਦਿੱਤਾ ਹੈ ਤੇ ਕੇਵਲ ਇਸ ਚਮੜੀ ਉੱਤੇ ਕੇਵਲ ਪਰਦਾ ਨਹੀਂ ਪਾਇਆ, ਬੰਦੇ ਦੇ ਅੰਦਰ ਦੇ ਫੁਰਨੇ ਵੀ ਤੂੰ ਲੁਕੋ ਕੇ ਰੱਖੇ ਪਰ ਅੰਦਰ ਦੀ ਜਾਣਨ ਵਾਲਿਆ! ਜਿਹੜਾ ਦਿਨ ਰਾਤ ਕੇਵਲ ਪਾਪ ਕਰਦਾ ਹੈ, ਤੂੰ ਪਾਪ ਦੇਖਦਾ ਵੀ ਪਿਆ ਹੈ, ਪਰ ਤੇਰੇ ਬਿਰਦ ਕੀ ਪੈਜ ਇਹ ਹੈ ਕਿ ਪਾਪ ਦੇਖਣ ਦੇ ਬਾਵਜੂਦ ਵੀ ਉਹ ਰਿਜ਼ਕ ਦੇਈ ਜਾਂਦਾ ਹੈ।-

**ਦੀਨ ਦਇਆਲ ਦਇਆ ਨਿਧ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ ॥**

ਕੀ ਇਹ ਬਿਰਦ ਕੀ ਪੈਜ ਨਹੀ?ਂ ? ਤੂੰ ਆਪਣਾ ਸੁਭਾਅ ਨਹੀਂ ਬਦਲਦਾ, ਮਨੁੱਖ ਜੋ ਮਰਜ਼ੀ ਕਰੀ ਜਾਏ।

ਮੈਂ ਕਈ ਵਾਰ ਪ੍ਰਮਾਣ ਸੁਣਿਆ ਸੀ ਕਿ ਪ੍ਰਮਾਤਮਾ ਦਾ ਬਿਰਦ ਇਹ ਹੈ ਕਿ ਉਸ ਨੇ ਹਰ ਇੱਕ ਨੂੰ ਰਿਜ਼ਕ ਦੇਣਾ ਹੈ। ਅਸੀਂ ਕਹਾਂਗੇ ਕਿ ਉਸ ਦਾ ਦੂਜਾ ਬਿਰਦ ਜਾਂ ਗੁਣ ਕੀ ਹੈ ? ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ, ਪ੍ਰਮਾਤਮਾ ਦਾ ਇਕ ਬਿਰਦ ਹੋਰ ਹੈ। ਵੈਸੇ ਤਾਂ ਬੇਅੰਤ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਕਹਿੰਦੇ ਹਨ, ਜਿਹੜਾ ਬੰਦਾ ਭਗਤੀ ਕਰਦਾ ਹੈ, ਉਸ ਦੀ ਇੱਜਤ ਰੱਖਣੀ ਉਸ ਦਾ ਬਿਰਦ ਹੈ। ਅਸੀਂ ਸ਼ਬਦ ਪੜ੍ਹਦੇ ਹਾਂ-

**ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥**
**ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥**
**ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥**
**ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥੪॥੧੩॥੨੦॥**

**- ਆਸਾ (ਮਃ ੪) - ਅੰਗ ੪੫੧**

ਕਹਿਣ ਲੱਗੇ, ਰੱਬ ਦਾ ਇੱਕ ਸੁਭਾਅ ਹੈ ਕਿ ਜਿਹੜਾ ਉਸ ਨੂੰ ਪੁਕਾਰਦਾ ਹੈ, ਆਪਣੇ ਭਗਤ ਦੀ ਰੱਖਿਆ ਉਹ ਜ਼ਰੂਰ ਕਰਦਾ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਨੇ ਇੱਕ ਪ੍ਰਮਾਣ ਦਿੱਤਾ ਹੈ ਕਿ ਪ੍ਰਮਾਤਮਾ ਆਪਣੇ ਭਗਤਾਂ ਦੀ ਰੱਖਿਆ ਕਰਦਾ ਹੈ ਤੇ ਜਦੋਂ ਵਡਿਆਈ ਦੇਣ ਲੱਗਦਾ ਹੈ ਤਾਂ ਉਸ ਨੂੰ ਫਿਰ ਦੁਨੀਆਂ ਤੋਂ ਪੁੱਛਣਾ ਨਹੀਂ ਪੈਂਦਾ।

ਸੱਚ ਜਾਣੋ, ਉਸ ਦੇ ਘਰ ਦੀ ਖੇਡ ਬੜੀ ਨਿਰਾਲੀ ਹੈ। ਜੇ ਦੁਨੀਆਂ ਤੋਂ ਪੁੱਛੇ ਕਿ ਇਹ ਭਗਤ ਹੈ ਤੇ ਇਸ ਭਗਤ ਨੂੰ ਮੈਂ ਵਡਿਆਈ ਦੇਣੀ ਹੈ ਤਾਂ ਮੇਰਾ ਖਿਆਲ ਹੈ ਕਿ ਸਾਰਾ ਸਮਾਜ ਉਸ ਦੇ ਨਾਲ ਸਹਿਮਤ ਨਾ ਹੋਵੇ। ਜਦੋਂ ਆਪਣੀ ਆਈ ਤੇ ਆਏ ਤਾਂ ਉਸ ਦਾ ਬਿਰਦ ਹੈ ਉਹ ਵੱਡੇ-ਵੱਡੇ ਰਾਜਿਆਂ ਦੀ ਪ੍ਰਵਾਹ ਨਹੀ ਕਰਦਾ ਤੇ ਭਗਤਾਂ ਨੂੰ ਉਚੇ ਅਸਥਾਨ ਦੇ ਦਿੰਦਾ ਹੈ। ਬਾਬਾ ਰਵਿਦਾਸ ਜੀ ਕਹਿੰਦੇ ਹਨ-

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ ॥੧॥ ਰਹਾਉ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹਂੀ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥ ॥੨॥੧॥

– ਮਾਰੂ (ਭ. ਰਵਿਦਾਸ) ਗੁਰੂ ਗ੍ਰੰਥ ਸਾਹਿਬ – ਅੰਗ ੧੧੦੬

ਕਹਿਣ ਲੱਗੇ ਨਾਮਦੇਵ ਗੋਬਿੰਦ ਦੇ ਚਰਨਾਂ ਵਿੱਚ ਸੀਤਾ ਗਿਆ ਹੈ ਤੇ ਸੀਤਾ ਪਤਾ ਕਿਵੇਂ ਗਿਆ ? ਭਾਵੇਂ ਉਹ ਰਹਿੰਦਾ ਕੱਖਾਂ ਦੀ ਕੁੱਲੀ ਵਿੱਚ ਹੈ, ਉਸ ਕੋਲ ਸੁਰਤੀ ਦੀ ਇੱਕ ਸੂਈ ਹੈ ਜਿਹੜੀ ਸੋਨੇ ਦੀ ਹੈ। ਉਸ ਦੇ ਕੋਲ ਸ਼ਬਦ ਦਾ ਧਾਗਾ ਹੈ। ਇੰਨੀ ਰੱਬ ਨੇ ਮੇਹਰ ਕੀਤੀ ਹੈ ਕਿ ਉਸ ਦਾ ਅੰਦਰ ਪ੍ਰਮਾਤਮਾ ਨਾਲ ਸੀਤਾ ਗਿਆ। ਪ੍ਰਮਾਤਮਾ ਭਗਤੀ ਤੇ ਖ਼ੁਸ਼ ਹੋਇਆ ਤੇ ਉਸ ਨੇ ਆਪਣੇ ਬਿਰਦ ਦੀ ਪੈਜ ਰੱਖੀ। ਲੋਕਾਂ ਨੇ ਕਿਹਾ ਕਿ ਸ਼ੂਦਰ ਮੰਦਿਰ ਵਿੱਚ ਨਹੀਂ ਆ ਸਕਦਾ। ਉਸ ਨੇ ਕਿਹਾ ਨਹੀਂ, ਜਿਸ ਨੂੰ ਤੁਸੀਂ ਅੱਧੀ ਕੌਡੀ ਦਾ ਛੀਂਬਾ ਕਹਿੰਦੇ ਹੋ, ਅੱਜ ਇਸ ਦੀ ਗਿਣਤੀ ਲੱਖਾਂ ਵਿੱਚ ਆ ਜਾਏ। ਸ਼ਬਦ ਪੜ੍ਹਦੇ ਹੋ–

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥ ॥੪॥੨॥

ਆਸਾ (ਮਃ ੫) – ਅੰਗ ੪੮੭

ਨਾਮਦੇਵ ਛੀਂਬੇ ਪਰਿਵਾਰ ਨਾਲ ਸਬੰਧਿਤ ਹਨ। ਕਬੀਰ ਜੁਲਾਹੇ ਪਰਿਵਾਰ ਨਾਲ ਸਬੰਧਿਤ ਹਨ। ਰਵਿਦਾਸ ਚਮੜੇ ਦਾ ਕੰਮ ਕਰਨ ਵਾਲੇ ਪਰਿਵਾਰ ਨਾਲ ਸਬੰਧਿਤ ਹਨ, ਸੈਣ ਨਾਈ ਪਰਿਵਾਰ ਨਾਲ ਸਬੰਧਿਤ ਹਨ। ਚਾਰੇ ਭਗਤਾਂ ਦੀਆਂ ਉਦਾਹਰਨਾਂ ਦਿੱਤੀਆਂ ਹਨ, ਪਰ ਰਾਮਾਨੰਦ ਦਾ ਜਿਕਰ ਕਿਉਂ ਨਹੀਂ ਕੀਤਾ, ਉਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ ? ਪਰਮਾਨੰਦ ਦਾ ਜ਼ਿਕਰ ਕਿਉਂ ਨਹੀਂ ਕੀਤਾ ? ਜੈ–ਦੇਵ ਦਾ ਜ਼ਿਕਰ ਕਿਉਂ ਨਹੀਂ ਕੀਤਾ ? ਤ੍ਰਿਲੋਚਨ ਦਾ ਜ਼ਿਕਰ ਕਿਉਂ ਨਹੀਂ ਕੀਤਾ ? ਕਿਉਂਕਿ ਰਾਮਾਨੰਦ ਨੂੰ ਜਨਮ–ਸਿੱਧ ਅਧਿਕਾਰ ਹੈ, ਉਹ ਬ੍ਰਾਹਮਣ ਹੈ। ਰੱਬ ਦੀ ਭਗਤੀ ਕਰ ਸਕਦਾ ਹੈ। ਤ੍ਰਿਲੋਚਨ ਨੂੰ ਜਨਮ–ਸਿੱਧ ਅਧਿਕਾਰ ਹੈ, ਉਹ ਪ੍ਰਭੂ ਦੀ ਇਬਾਦਤ ਕਰ ਸਕਦਾ ਹੈ। ਜੈ ਦੇਵ ਦਾ ਜਨਮ–ਸਿੱਧ ਅਧਿਕਾਰ ਹੈ, ਉਹ ਪ੍ਰਮਾਤਮਾ ਦੇ ਗੀਤ ਗਾ ਸਕਦਾ

ਹੈ । ਪਰ ਇਹ ਚਾਰ ਜਿਹੜੇ ਹਨ ਇਹਨਾਂ ਨੂੰ ਜਨਮ-ਸਿੱਧ ਅਧਿਕਾਰ ਹੀ ਨਹੀਂ ਕਿ ਧਰਮ ਨੂੰ ਕਮਾ ਸਕਣ । ਜਿਸ ਦਿਨ ਆਪਣੇ ਬਿਰਦ ਦੀ ਪੈਜ ਰੱਖੀ, ਇਹਨਾਂ ਨੀਵੇਂ ਰਹਿਣ ਵਾਲਿਆਂ ਨੂੰ ਸਭ ਤੋਂ ਉੱਚਾ ਕਰ ਦਿੱਤਾ । ਉਥੇ ਸ਼ਬਦ ਵਰਤੇ-

**ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥**
**ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥ ੩ ॥**
**ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥**

ਉਸ ਨੇ ਕਿਹਾ ਮੈਂ ਭਗਤੀ ਕਰਾਂਗਾ ਪਰ ਤੈਨੂੰ ਪ੍ਰਤੱਖ ਦੇਖਣਾ ਚਾਹੁੰਦਾ ਹਾਂ ਤੇ ਰੱਬ ਨੇ ਕਿਹਾ ਕਿ ਮੈਂ ਆਪਣੇ ਸੁਭਾਅ ਨੂੰ ਸਾਂਭ ਕੇ ਰੱਖਾਂਗਾ । ਜੇ ਤੂੰ ਪ੍ਰਤੱਖ ਦੇਖਣਾ ਚਾਹੁੰਦਾ ਹੈ ਤਾਂ ਜਿਸ ਰੂਪ ਵਿੱਚ ਦੇਖੇਂ; ਮੈਂ ਉਸ ਰੂਪ ਵਿੱਚ ਤੇਰੇ ਕੋਲ ਆਵਾਂਗਾ

**ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥**
**ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥੨॥**

**ਆਸਾ (ਮਃ ੫) - ਅੰਗ ੪੮੮**

ਉਸ ਦਾ ਬਿਰਦ ਹੈ, ਜਿਹੜਾ ਉਸ ਦੀ ਭਗਤੀ ਕਰਦਾ ਹੈ, ਉਸ ਨੂੰ ਬਹੁਤ ਉੱਚਾ ਉੱਠਾ ਦਿੰਦਾ ਹੈਂ ਭਾਈ ਸਾਹਿਬ ਨੇ ਸ਼ਬਦ ਵਰਤੇ ਆਸਮਾਨ ਤੇ ਚੰਦਰਮਾ ਦਿੱਸਦਾ ਹੈ, ਪਾਤਾਲ ਵਿੱਚ ਸਮੁੰਦਰ ਦੀ ਡੂੰਘਾਈ ਹੈ ਤੇ ਭਾਈ ਨੰਦ ਲਾਲ ਕਹਿੰਦੇ ਹਨ, ਤੂੰ ਆਪਣੇ ਬਿਰਦ ਦੀ ਜਦੋਂ ਪੈਜ ਰੱਖਦਾ ਹੈ, ਤੇਰੀ ਭਗਤੀ ਵਿੱਚ ਕੋਈ ਓਤ-ਪੋਤ ਹੋ ਜਾਏ ਤਾਂ ਇੱਕ ਚੰਦਰਮਾ ਕੀ ਹੈ, ਜਿੱਥੋਂ ਤੱਕ ਤੂੰ ਬ੍ਰਹਿਮੰਡ ਸਿਰਜਿਆ ਹੈ, ਉਥੋਂ ਲੈ ਕੇ ਪਾਤਾਲ ਤੱਕ ਹਰ ਚੀਜ਼ ਭਗਤ ਦੇ ਹੁਕਮ ਨੂੰ ਮੰਨਣ ਲਈ ਤਿਆਰ ਹੈ । ਇਹ ਤੇਰੇ ਬਿਰਦ ਕੀ ਪੈਜ ਹੈ ।

ਅਸੀਂ ਕਹਾਂਗੇ ਕਿ ਰੱਬ ਤਾਂ ਸੁਆਰਥੀ ਹੈ, ਜਿਹੜਾ ਉਸ ਦੀ ਉਪਮਾ ਕਰਦਾ ਹੈ, ਉਸ ਨੂੰ ਉਹ ਕਹਿੰਦਾ ਹੈ ਧੰਨ ਧੰਨ ਤੂੰ ਮੈਨੂੰ ਸੁਲਤਾਨ ਕਹਿ ਮੈਂ ਤੈਨੂੰ ਮੀਆਂ ਕਹਾਂਗਾ । ਇੱਕ ਦੂਜੇ ਨੂੰ ਉਹ ਧੰਨ ਧੰਨ ਕਰਾਈ ਜਾਂਦੇ ਹਨ । ਕੀ ਰੱਬ ਸੁਆਰਥੀ ਹੈ ? ਗੁਰੂ ਗ੍ਰੰਥ ਸਾਹਿਬ ਨੇ ਕਿਹਾ ਹੈ ਕਿ ਇਹ ਬੰਦੇ ਦਾ ਸੁਭਾਅ ਹੋ ਸਕਦਾ ਹੈ, ਰੱਬ ਦਾ ਬਿਰਦ ਨਹੀਂ । ਪੁੱਛਿਆ ਹੋਰ ਰੱਬ ਦਾ ਬਿਰਦ ਕੀ ਹੈ ? ਕਹਿਣ ਲੱਗੇ, ਕੇਵਲ ਭਗਤੀ ਵਾਲੇ ਨਹੀਂ, ਜਿਸ ਦਿਨ ਬੰਦਾ ਆਪਣੀ ਜ਼ਿੰਦਗੀ ਤੋਂ ਨਿਰਾਸ਼ ਹੋ ਜਾਏ, ਇਹ ਸਮਝੇ ਮੇਰਾ ਇਸ ਦੁਨੀਆਂ ਵਿੱਚ ਕੋਈ ਨਹੀਂ, ਰੱਬ ਦੇ ਚਰਨਾਂ ਵਿੱਚ ਡਿੱਗ ਪਵੇ ਤਾਂ ਉਹ ਘੁੱਟ ਕੇ ਸੀਨੇ ਨਾਲ ਲਾ ਕੇ ਕਹਿੰਦਾ ਹੈ ਘਬਰਾ ਨਾ, ਆਖ਼ਿਰ ਤੂੰ ਮੇਰਾ ਹੈ । ਜੇ ਘਰੋਂ ਚਲਾ ਗਿਆ ਸੀ, ਤੂੰ ਚਲਾ ਗਿਆ ਪਰ ਮੇਰੇ ਘਰ ਦੇ ਬੂਹੇ ਅੱਜ ਵੀ ਤੇਰੇ ਲਈ ਖੁੱਲ੍ਹੇ ਹਨ । ਉਹ ਪਾਪੀਆਂ ਨੂੰ ਵੀ ਤਾਰਦਾ ਹੈ ।

ਭਾਈ ਗੁਰਦਾਸ ਜੀ ਦਾ ਇੱਕ ਕਬਿੱਤ ਹੈ । ਉਹ ਕਹਿੰਦੇ ਹਨ, ਜਦੋਂ ਮੈਂ ਕਥਾ ਕੀਰਤਨ ਸੁਣਦਾ ਹਾਂ, ਹਰ ਕੋਈ ਕਹਿੰਦਾ ਹੈ ਭਗਤੀ ਕਰੋ, ਰੱਬ ਭਗਤੀ ਨੂੰ ਪਿਆਰ

ਕਰਦਾ ਹੈ । ਕਹਿੰਦਾ ਹੈ, ਉਦੋਂ ਮੈਨੂੰ ਬੜੀ ਨਿਰਾਸਤਾ ਹੁੰਦੀ ਹੈ । ਭਾਈ ਸਾਹਿਬ ਨੂੰ ਪੁੱਛਿਆ ਕਿਉਂ ? ਕਹਿਣ ਲੱਗੇ ਜੇ ਤੂੰ ਭਗਤੀ ਕਰਨ ਵਾਲਿਆਂ ਨੂੰ ਪਿਆਰ ਕਰਦਾ ਹੈ ਤਾਂ ਜਿਹੜੇ ਇੰਨੇ ਕੂੜ ਦੇ ਗੱਡੇ ਢੋਂਦੇ ਪਏ ਹਨ, ਮੈਂ ਭਗਤੀ ਕੀਤੀ ਨਹੀਂ, ਮੈਂ ਰੱਜ ਕੇ ਪਾਪ ਕਰਦਾ ਪਿਆ ਹਾਂ । ਇਸ ਦਾ ਮਤਲਬ ਮੇਰੇ ਲਈ ਤੇਰੇ ਘਰ ਵਿੱਚ ਕੋਈ ਥਾਂ ਨਹੀਂ । ਕਹਿੰਦੇ ਹਨ, ਅੱਗੋਂ ਆਵਾਜ਼ ਆਈ- ਬਿਰਦਾ ਕੀ ਪੈਜ ਹੈ । ਭਗਤ ਵਛਲ ਵੀ ਉਸ ਦਾ ਬਿਰਦ ਹੈ ਤੇ ਜਦੋਂ ਕੋਈ ਪਾਪੀ ਡਿੱਗਦਾ ਹੈ, ਪਾਪੀਆਂ ਨੂੰ ਪਵਿੱਤਰ ਕਰਨਾ ਵੀ ਉਸ ਦਾ ਬਿਰਦ ਹੈ । ਕਹਿਣ ਲੱਗੇ, ਜਿੰਨਾ ਮਰਜ਼ੀ ਮੀਂਹ ਪੈ ਜਾਏ, ਸਿੰਬਲ ਦੇ ਰੁੱਖ ਦੇ ਫਲ ਮਿੱਠੇ ਨਹੀਂ ਹੁੰਦੇ ਤੇ ਸੋਚਦਾ ਹਾਂ, ਬਾਬਾ ! ਤੇਰੀ ਬਾਣੀ ਦਾ ਰੋਜ਼ ਮੀਂਹ ਪੈਂਦਾ ਹੈ, ਮੈਂ ਹੰਕਾਰੀ ਸਿੰਬਲ ਬਣਿਆ ਬੈਠਾ ਹਾਂ, ਮੇਰੇ ਸਿੰਬਲ ਉੱਤੇ ਰਤਾ ਮਾਤਰ ਵੀ ਬਾਣੀ ਦਾ ਅਸਰ ਨਹੀਂ । ਅੱਗੋਂ ਆਵਾਜ਼ ਆਈ, ਸੱਚ ਜਾਣੀ, ਜੇ ਰੱਸ ਨਹੀਂ ਭਰਿਆ ਗਿਆ ਤਾਂ ਰੱਬ ਚੰਦਨ ਨੂੰ ਪੈਦਾ ਕਰਕੇ ਸਿੰਬਲ ਵਿੱਚ ਵੀ ਮਹਿਕ ਭਰਦਾ ਹੁੰਦਾ ਹੈ । ਗੁਰੂ ਦਾ ਸੁਭਾਅ ਹੈ ਆਪਣੇ ਭਗਤ ਦੀ ਪੈਜ ਰੱਖਣੀ ਤੇ ਕੇਵਲ ਮਰਨ ਤੋਂ ਬਾਅਦ ਨਹੀਂ । ਗੁਰੂ ਸਾਹਿਬ ਬਾਣੀ ਵਿੱਚ ਕਹਿੰਦੇ ਹਨ

**ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ ॥**
**ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ ॥**
**ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ**
**ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ॥**
**ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ**
**ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ ॥**

**ਬਿਲਾਵਲੁ ਕੀ ਵਾਰ (ਮਃ ੪) - ਅੰਗ ੮੫੫**

ਚੇਤੇ ਰੱਖੋ ਅੰਦਰ ਦੀ ਤ੍ਰਿਸ਼ਨਾ ਮਿੱਟਦੀ ਹੈ । ਜਿਸ ਨੂੰ ਮਿਲਿਆ ਅੰਦਰ ਦੇ ਪਾਪ ਖੰਡਨ ਹੁੰਦੇ ਹਨ ਤੇ ਅੰਦਰ ਨੂੰ ਪੂਰਨ ਤੌਰ ਤੇ ਟਿਕਾਅ ਮਿਲ ਜਾਂਦਾ ਹੈ, ਇਹ ਹੈ ਗੁਰੂ ਦਾ ਬਿਰਦਾ ।

ਤੀਜੀ ਗੱਲ ਅਸੀਂ ਅਰਦਾਸ ਵਿੱਚ ਕਹਿੰਦੇ ਹਾਂ - ਖ਼ਾਲਸੇ ਦਾ ਵੀ ਇੱਕ ਬਿਰਦ ਹੈ । ਬਿਰਦ ਦਾ ਅਰਥ ਹੈ ਸੁਭਾਅ । ਦੋ ਤਰ੍ਹਾਂ ਕੇ ਲੋਕ ਤੈਨੂੰ ਮਿਲਦੇ ਰਹੇ ਹਨ । ਇੱਕ ਤੇਰੇ ਹਮਦਰਦ ਹਨ ਤੇ ਇੱਕ ਤੇਰੇ ਦੁਸ਼ਮਣ ਬਣ ਕੇ ਆਏ ਹਨ । ਕਦੀਂ ਭੁੱਲੀ ਨਾ, ਰੋਜ਼ ਅਰਦਾਸ ਕਰੀਂ, ਦਾਤਾ ! ਖ਼ਾਲਸੇ ਦੀ ਬਿਰਦ ਦੀ ਪੈਜ ਰੱਖੀਂ । ਖ਼ਾਲਸੇ ਦਾ ਬਿਰਦ ਕੀ ਹੈ ? ਗੁਰੂ ਰਾਮਦਾਸ ਜੀ ਨੇ ਇੱਕ ਸ਼ਬਦ ਕਿਹਾ । ਕਹਿੰਦੇ ਹਨ, ਹੇ ਸਤਿਗੁਰੂ ਗੁਰੂ ਅਮਰਦਾਸ ਜੀ ! ਸਿੱਖੀ ਮੇਰੇ ਕੋਲ ਕੋਈ ਨਹੀਂ ਪਰ ਜਦੋਂ ਬਾਹਰ ਨਿਕਲਦਾ ਹਾਂ ਤਾਂ ਲੋਕ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਦਾ ਸਿੱਖ ਹੈ । ਤੂੰ ਇਸ ਬਿਰਦ ਦੀ ਪੈਜ ਰੱਖ ਲਈ

ਹੈ । ਲੋਕ ਮੈਨੂੰ ਸਿੱਖ ਕਹਿੰਦੇ ਹਨ । ਕੋਈ ਇਹੋ ਜਿਹਾ ਦਿਨ ਨਾ ਆ ਜਾਵੇ ਕਿ ਮੈਂ ਤੇਰੀ ਸਿੱਖੀ ਨੂੰ ਦਾਗ਼ ਲਵਾ ਦੇਵਾਂ ।

ਖ਼ਾਲਸੇ ਦਾ ਬਿਰਦ ਇਹ ਹੈ ਕਿ ਜਿਹੜਾ ਉੱਚਾ ਸੁੱਚਾ ਜੀਵਨ ਮਿਲਦਾ ਹੈ, ਸਦਾ ਇਸ ਦੀ ਰੱਖਵਾਲੀ ਕਰਦਾ ਹੈ । ਗੁਰੂ ਰਾਮਦਾਸ ਜੀ ਕਹਿਣ ਲੱਗੇ–

**ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥**
**ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥੪॥੧॥**

**ਸੂਹੀ (ਮਃ ੪) – ਅੰਗ ੭੩੧**

ਰੱਬ ਦਾ ਸੁਭਾਅ ਹੈ ਪ੍ਰਤਿਪਾਲਣਾ ਕਰਨੀ ਤੇ ਖ਼ਾਲਸੇ ਦਾ ਸੁਭਾਅ ਹੈ ਦੇਗ ਚਲਾਉਣੀ । ਰੱਬ ਦਾ ਸੁਭਾਅ ਹੈ ਕਿ ਉਹ ਭਗਤੀ ਕਰਨ ਵਾਲਿਆਂ ਨੂੰ ਪਿਆਰ ਕਰਦਾ ਹੈ ਤੇ ਖ਼ਾਲਸਾ ਤੇਰਾ ਬਿਰਦ ਹੈ, ਜੇ ਕੋਈ ਰੱਬ ਦਾ ਨਾਮ ਲਵੇ ਤਾਂ ਸੱਚ ਜਾਣੀ, ਤੂੰ ਉਸ ਨੂੰ ਮਾਨ ਦੇਈਂ । ਤੀਜਾ ਤੇਰਾ ਬਿਰਦ ਹੈ ਕਿ ਰੱਬ ਪਾਪੀਆਂ ਨੂੰ ਗਲੇ ਨਾਲ ਲਾਉਂਦਾ ਹੈ ਤੇ ਖ਼ਾਲਸਾ ਤੇਰਾ ਬਿਰਦਾ ਇਹ ਹੈ ਕਿ ਜਿਸ ਨੂੰ ਲੋਕ ਪੈਰਾਂ ਥੱਲੇ ਲਤਾੜਦੇ ਹੋਣ, ਤੂੰ ਉਸ ਦਾ ਸਾਥ ਦੇਈਂ । ਭਾਈ ਨੰਦ ਲਾਲ ਕਹਿਣ ਲੱਗੇ –

**ਖਾਲਸਾ ਸੋਏ ਜੋ ਨਿੰਦਾ ਪਿਆਰੈ ।**

ਦਾਅਵਾ ਕਦੀ ਨਾ ਕਰੀਏ ਕਿ ਮੈਂ ਬੜਾ ਸਿਆਣਾ ਹਾਂ, ਮੇਰੇ ਕੋਲ ਅਕਲ ਬੜੀ ਹੈ, ਮੇਰਾ ਜੀਵਨ ਬੜਾ ਹੈ । ਖਿਨ ਖਿਨ ਤੂੰ ਦਰ ਤੇ ਬੇਨਤੀਆਂ ਕਰ ਕਿਉਂਕਿ ਪਤਾ ਨਹੀਂ ਕਦੋਂ ਤੇਰੇ ਅੰਦਰ ਦੀ ਖੇਡ ਉਲਟੀ ਹੋ ਜਾਏ । ਜਿਹੜੇ ਅੱਤ ਦੇ ਸ਼ਰਧਾ ਵਾਲੇ ਹਨ, ਉਹ ਨਾਸਤਿਕ ਬਣਦੇ ਦੇਖੇ ਹਨ ਅਤੇ ਨਾਸਤਿਕ ਬੰਦੇ ਸ਼ਰਧਾ ਵਾਲੇ ਪਾਸੇ ਆਉਂਦੇ ਦੇਖੇ ਹਨ । ਜਿਹੜੇ ਬਹੁਤ ਨੇੜੇ ਹਨ, ਉਹ ਅੰਦਰੋਂ ਬਹੁਤ ਦੂਰ ਚਲੇ ਗਏ ਤੇ ਜਿਹੜੇ ਦੂਰ ਸਨ, ਉਹ ਨੇੜੇ ਆ ਕੇ ਬੈਠ ਗਏ । ਹਜੂਰ ਕਹਿੰਦੇ ਹਨ, ਅਰਦਾਸ ਕਰਿਆ ਕਰ –

**ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ,**
**ਸਰਬੱਤ ਖਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ ।**
**ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ ।**
**ਇੱਕ ਕ੍ਰਿਪਾ ਕਰੀਂ ਕਿ ਜਿੱਥੇ ਸੁੱਖ ਦੇਵੇਂ–**
**ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ,**
**ਤੇ ਨਾਲ ਬਚਨ ਕੀਤੇ–ਦੇਗ ਤੇਗ ਫ਼ਤਹ ।**

ਤੇ ਜੇ ਦੇਗ ਤੇਗ ਫ਼ਤਹ ਹੋਵੇ ਤਾਂ ਫਿਰ ਕ੍ਰਿਪਾ ਕਰੀਂ, ਮੇਰੇ ਜੀਵਨ ਦੀ ਪੈਜ ਰੱਖ ਲਈ । ਦਾਅਵਾ ਕਦੀ ਨਹੀਂ ਕਰਨਾ ਕਿ ਇਹ ਕਿਵੇਂ ਹੋ ਸਕਦਾ ਹੈ ।

ਗੁਰੂ ਗ੍ਰੰਥ ਸਾਹਿਬ ਦੀ ਜਦੋਂ ਬਾਣੀ ਪੜ੍ਹਦੇ ਹਾਂ ਤਾਂ ਅੱਜ ਦੁੱਖ ਸਭ ਤੋਂ ਵੱਧ ਇਹ

ਲੱਗਦਾ ਹੈ, ਕਿ ਬਾਹਰ ਦੀਆਂ ਕਿਤਾਬਾਂ ਪੜ੍ਹਨੀਆਂ ਕੋਈ ਗੱਲ ਨਹੀਂ । ਸਿੱਖ ਨੂੰ ਪੜ੍ਹਨਾ ਚਾਹੀਦਾ ਹੈ । ਜਿਸ ਨੇ ਗੁਰੂ ਬਾਰੇ ਬਹਿਸ ਕਰਨੀ ਹੈ, ਉਹ ਘੱਟੋਂ ਘੱਟ ਸਾਲ ਵਿੱਚ 12 ਸਹਿਜ ਪਾਠਾਂ ਦਾ ਭੋਗ ਪਾਏ ਤੇ ਫਿਰ ਗੱਲ ਕਰੇ । ਜਪੁ ਜੀ ਸਾਹਿਬ ਪੂਰਾ ਪੜ੍ਹਿਆ ਨਹੀਂ ਹੁੰਦਾ ਤੇ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਕਰਨ ਤੁਰ ਪੈਂਦੇ ਹਨ । ਕਦੀ ਗੁਰੂ ਕੋਲ ਦੋ ਘੜੀਆਂ ਬੈਠੀਏ । ਇਸ ਤਰ੍ਹਾਂ ਬੈਠੀਏ ਕਿ ਮੈਂ ਸਿੱਖ ਹਾਂ, ਮੈਨੂੰ ਸਮਝ ਕੋਈ ਨਹੀਂ, ਮੈਂ ਅਗਿਆਨੀ ਹਾਂ ਤੂੰ ਕ੍ਰਿਪਾ ਕਰਕੇ ਮੈਨੂੰ ਆਪਣੇ ਗਿਆਨ ਦੀ ਸੂਝ ਤਿਣਕਾ ਮਾਤਰ ਦੇ ਦੇ । ਜਦੋਂ ਇਸ ਭਾਵਨਾ ਨਾਲ ਅਸੀਂ ਬਾਣੀ ਪੜ੍ਹਾਂਗੇ, ਦਾਅਵਾ ਨਹੀਂ ਕਰਾਂਗੇ ਅਤੇ ਦਾਅਵਾ ਜਿਹੜਾ ਨਾ ਕਰੇ, ਉਹ ਬਾਦਸ਼ਾਹ ਹੁੰਦਾ ਹੈ । ਉਹ ਇੰਦਰ ਦੀ ਪੱਦਵੀ ਨੂੰ ਵੀ ਕੁਝ ਨਹੀਂ ਸਮਝਦਾ । ਜਿਹੜਾ ਦਾਅਵਾ ਕਰਨ ਲੱਗ ਪਵੇ, ਉਹ ਆਪਣੇ ਆਪ ਹੀ ਅੰਦਰੋਂ ਸੜ ਜਾਂਦਾ ਹੈ । ਗੁਰੂ ਆਪਣੇ ਬਿਰਦ ਦੀ ਪੈਜ ਰੱਖਦਾ ਹੈ ਤੇ ਤੂੰ ਬੇਨਤੀ ਕਰਿਆ ਕਰ, ਦਾਤਾ ! ਜਿਹੜੇ ਖ਼ਾਲਸੇ ਨੂੰ ਸੁਭਾਅ ਦਿੱਤਾ ਹੈ, ਇਸ ਦੀ ਪੈਜ ਵੀ ਤੁਸੀਂ ਮੇਹਰ ਕਰਕੇ ਰੱਖਿਉ । ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ । ਹੋਈਆਂ ਬੇਅੰਤ ਭੁੱਲਾਂ ਦੀ ਖਿਮਾ ।

ਵਾਹਿਗੁਰੂ ਜੀ ਖਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

**ਧੰਨਵਾਦਿ ਸਾਹਿਤ ਵਿਚੋਂ :- ਅਰਦਾਸ**

## ਗੁਰਬਾਣੀ ਵਿੱਚ ਮੌਤ ਦਾ ਸੰਕਲਪ

ਡਾ. ਸਰੂਪ ਸਿੰਘ ਅਲੱਗ
ਪੀ. ਐਚ. ਡੀ., ਡੀ. ਲਿਟ. ਯੂ. ਐਸ. ਏ.

**ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥**
**ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥**
**- ਆਸਾ ਕੀ ਵਾਰ (ਮঃ ੧) - ਅੰਗ ੪੭੪**

ਮੌਤ ਇੱਕ ਅਟੱਲ ਸੱਚਾਈ ਹੈ । ਜੋ ਵੀ ਇਸ ਸੰਸਾਰ ਵਿੱਚ ਆਇਆ ਹੈ ਉਸਨੇ ਇੱਕ ਦਿਨ ਕਾਲ ਦੇ ਵਸ ਅਵੱਸ਼ ਪੈਣਾ ਹੈ । ਮੌਤ ਲਈ ਕੋਈ ਸਮਾਂ ਵੀ ਨਿਸ਼ਚਤ ਨਹੀਂ, ਕਿਸੇ ਦੀ ਮੌਤ ਜੰਮਦਿਆਂ ਸਾਰ ਵੀ ਹੋ ਸਕਦੀ ਹੈ ਅਤੇ ਕੋਈ ਭਰ ਜਵਾਨੀ ਵਿੱਚ ਹੀ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਜਾਂਦਾ ਹੈ । '**ਨਾਨਕ ਕਿਸ ਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਇ** ॥' ਮੌਤ ਦਾ ਸਮਾਂ, ਸਥਾਨ ਤੇ ਕਾਰਨ ਰੱਬ ਨੇ ਆਪਣੇ ਹੱਥ ਵਿੱਚ ਹੀ ਰੱਖੇ ਹਨ, ਮਨੁੱਖ ਤਾਂ ਮੌਤ ਰੂਪੀ ਪੰਛੀ ਦੀ ਚੁੰਜ ਵਿੱਚ ਜਕੜੇ ਹੋਏ ਹਨ, ਪਤਾ ਨਹੀਂ ਉਹ ਚੁੰਜ ਨੂੰ ਦਬਾ ਕੇ ਕਿਸ ਨੂੰ ਕਾਲ ਵਸ ਕਰ ਦੇਵੇ ।

**ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥**
**ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥**
**ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥**

**ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥੯੯॥**

**ਸਲੋਕ (ਭ. ਫਰੀਦ) – ਅੰਗ ੧੩੮੩**

ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਫਰਮਾਇਆ ਹੈ ਕਿ:

**ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥**
**ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ ॥੧॥**

**– ਧਨਾਸਰੀ (ਮ: ੧) ਗੁਰੂ ਗ੍ਰੰਥ ਸਾਹਿਬ – ਅੰਗ ੬੬੦**

ਇਸ ਲਈ ਜੇਕਰ ਮੌਤ ਯਕੀਨੀ ਤੇ ਅਟੱਲ ਹੈ ਤਾਂ ਫਿਰ ਚੰਗਾ ਸਿਆਣਾ ਮਨੁੱਖ ਉਹ ਹੀ ਹੈ ਜੋ ਇਸ ਸੰਸਾਰ ਨੂੰ ਇੱਕ ਸਰਾਂ ਸਮਝ ਕੇ ਇਸ ਵਿੱਚ ਵਾਸਾ ਕਰੇ ਅਤੇ ਇਸ ਵਿੱਚ ਲੋੜ ਨਾਲੋਂ ਬਹੁਤਾ ਮੋਹ ਨਾ ਵਧਾਵੇ। ਜ਼ਿੰਦਗੀ ਵਿੱਚ ਉਨ੍ਹਾਂ ਖੂਬੀਆਂ ਨੂੰ ਧਾਰਨ ਕਰੇ, ਉਨ੍ਹਾਂ ਗੁਣਾਂ ਨੂੰ ਅਰਜਤ ਕਰੇ, ਉਨ੍ਹਾਂ ਕਰਮਾ ਨੂੰ ਕਰਨ ਵਿੱਚ ਤਤਪਰ ਰਹੇ ਜਿਹੜੇ ਉਸਨੂੰ ਚੰਗਾ ਇਨਸਾਨ ਬਣਾਉਣ ਵਿੱਚ ਸਹਾਈ ਹੋ ਸਕਣ ਅਤੇ ਉਸਨੂੰ ਕਾਲ ਦੇ ਸਵਾਮੀ ਅਕਾਲਪੁਰਖ ਦੀ ਸੰਗਤ ਮਾਣਨ ਵਿੱਚ ਪ੍ਰੇਰਤ ਕਰ ਸਕਣ। ਗੁਰਬਾਣੀ ਸਾਨੂੰ ਸਪੱਸ਼ਟ ਰੂਪ ਵਿੱਚ ਸੋਝੀ ਕਰਾਂਦੀ ਹੈ ਕਿ ਅਸੀਂ ਆਪਣੀ ਮੌਤ ਦੀ ਲਿਖਤ ਤੇ ਆਪਣੀ ਸਹੀ ਪਾ ਕੇ ਹੀ ਸੰਸਾਰ ਵਿੱਚ ਆਉਂਦੇ ਹਾਂ।

**ਮਰਣੁ ਲਿਖਾਇ ਮੰਡਲ ਮਹਿ ਆਏ ॥ ਧਨਾਸਰੀ (ਮ: ੧) – ਅੰਗ ੬੮੫**

ਜਦ ਮੌਤ ਇੱਕ ਅਟੱਲ ਸੱਚਾਈ ਹੈ, ਇਸਨੇ ਸਰਪਰ ਆਉਣਾ ਹੀ ਹੈ ਤਾਂ ਸਾਡੇ ਲਈ ਇਸ ਜੀਵਨ ਦਾ ਸਦਉਪਯੋਗ ਕਰਨਾ ਅਤੀ ਅਵੱਸ਼ਕ ਹੈ ਵਰਨਾ ਅਸੀਂ ਜੋ ਕੁਝ ਵੀ ਕਰ ਰਹੇ ਹੋਵਾਂਗੇ ਉਹ ਘਾਟੇ ਵਾਲਾ ਹੀ ਵਣਜ ਵਪਾਰ ਅਤੇ ਸੌਦਾ ਹੋਵੇਗਾ ਅਤੇ ਸਿਆਣਾ ਮਨੁੱਖ ਘਾਟੇ ਵਾਲਾ ਸੌਦਾ ਕਰਨ ਤੋਂ ਹਮੇਸ਼ਾ ਕਤਰਾਉਂਦਾ ਹੈ ਅਤੇ ਹਰ ਵਕਤ ਇਸ ਯਤਨ ਵਿੱਚ ਰਹਿੰਦਾ ਹੈ ਕਿ ਉਹ ਅਜਿਹੀ ਕਾਰ ਕਮਾਵੇ ਜੋ ਉਸ ਲਈ ਫਾਇਦੇ ਵਾਲੀ ਹੋਵੇ, ਇੱਜ਼ਤ ਮਾਣ ਵਧਾਉਣ ਵਾਲੀ ਹੋਵੇ। ਅਜਿਹੀ ਵਣਜ ਪਰਮਾਤਮਾ ਦੇ ਨਾਮ ਦੀ ਅਰਾਧਨਾ ਹੈ, ਚੰਗੇ ਵਿਹਾਰ, ਉੱਚੇ ਸੁੱਚੇ ਇਖ਼ਲਾਕ ਦੀ ਪ੍ਰਾਪਤੀ ਦੀ ਹੀ ਹੋ ਸਕਦੀ ਹੈ ਤਾਕਿ ਮਰਨ ਤੇ '**ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥**' ਦੀ ਅਵਸਥਾ ਬਣ ਸਕੇ ਅਤੇ ਆਵਾਗਵਣ ਤੋਂ ਮੁਕਤੀ ਪ੍ਰਾਪਤ ਹੋ ਸਕੇ।

ਗੁਰਬਾਣੀ ਅਤੇ ਗੁਰ ਇਤਿਹਾਸ ਸਾਨੂੰ ਮੌਤ ਤੋਂ ਡਰਨਾ ਨਹੀਂ ਸਿਖਾਉਂਦੇ ਸਗੋਂ ਇਸਦਾ ਖ਼ੁਸ਼ੀ ਖ਼ੁਸ਼ੀ ਖਿੜੇ ਮੱਥੇ ਸਾਹਮਣਾ ਕਰਨਾ ਸਿਖਾਉਂਦੇ ਹਨ। ਗੁਰੂ ਅਤੇ ਗੁਰਬਾਣੀ ਪ੍ਰੇਮੀ ਨੇ ਸਮਾਜ, ਭਾਈਚਾਰੇ ਅਤੇ ਮਾਨਵਤਾ ਦੇ ਭਲੇ ਲਈ, ਰਾਖੀ ਲਈ ਅਤੇ ਨੇਕ ਕੀਮਤਾਂ ਕਦਰਾਂ ਦੀ ਕਾਇਮੀ ਦਾਇਮੀ ਲਈ ਆਪਾ ਵਾਰਨ ਵਿੱਚ ਵੀ ਸੰਕੋਚ ਨਹੀਂ ਕਰਨਾ। ਅਜਿਹੀ ਮੌਤ ਨੂੰ ਪਵਿੱਤਰ ਸ਼ਹੀਦੀ ਦਾ ਖ਼ਿਤਾਬ ਦਿੱਤਾ ਗਿਆ ਹੈ ਜੋ ਦੂਜੇ ਦੇ ਭਲੇ ਲਈ

ਆਵੇ, ਮਾਨਵਤਾ ਦੀ ਬਿਹਰਤੀ ਲਈ ਆਵੇ। ਅਜਿਹਾ ਮਰਣਾ ਅਕਾਲ ਪੁਰਖ ਦੇ ਦਰਬਾਰ ਵਿੱਚ ਵੀ ਪਰਵਾਨ ਹੈ ਅਤੇ ਸਨਮਾਨਤ ਹੈ। ਗੁਰਵਾਕ ਹੈ:

**ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥**
**ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥**

**ਵਡਹੰਸ ਅਲਾਹਣੀਆ (ਮਃ ੧) - ਅੰਗ ੫੮੦**

ਅਜਿਹੀ ਮੌਤ ਨੂੰ ਕੋਈ ਮੰਦਾ ਨਹੀਂ ਕਹੇਗਾ ਸਗੋਂ ਸਤਿਕਾਰ ਤੇ ਆਭਾਰ ਦੀ ਨਜ਼ਰ ਨਾਲ ਦੇਖੇਗਾ।

**ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥**

**ਵਡਹੰਸ ਅਲਾਹਣੀਆ (ਮਃ ੧) - ਅੰਗ ੫੭੯**

ਜਿਹੜਾ ਆਪਣੇ ਮਾਲਕ ਨੂੰ ਯਾਦ ਰੱਖਦਾ ਹੈ ਤੇ ਨਿਤ ਉਸਦੀ ਸ਼ਰਨ ਵਿੱਚ ਰਹਿੰਦਾ ਹੈ ਉਸਦਾ ਮਰਣਾ ਮੌਤ ਨਹੀਂ ਸਗੋਂ ਪ੍ਰਭੂ ਨਾਲ ਸਦੀਵੀ ਮਿਲਾਪ ਹੈ। ਉਸਨੇ ਆਪਣੇ ਪਰਮਾਤਮਾ ਨੂੰ ਨਿਤ ਆਪਣੀ ਯਾਦ ਵਿੱਚ ਸਮਾਂ ਲੈਣ ਨਾਲ ਆਪਣਾ ਅੱਗੇ ਦਾ ਰਸਤਾ ਵੀ ਸੁਹੇਲਾ ਬਣਾ ਲਿਆ ਹੈ। ਅਜਿਹੇ ਕਰਮਾਂ ਨਾਲ ਅੱਗੇ ਵਡਿਆਈ ਮਿਲਦੀ ਹੈ। ਕਿਆ ਸਿੱਖਿਆਦਾਈ ਫਰਮਾਣ ਹੈ:

**ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥**
**ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥**
**ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ॥**
**ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥੨॥**

**ਵਡਹੰਸ ਅਲਾਹਣੀਆ (ਮਃ ੧) - ਅੰਗ ੫੮੦**

ਜਿਨ੍ਹਾਂ ਨੂੰ ਪ੍ਰਮਾਤਮਾ ਆਪਣੇ ਨਾਲ ਮਿਲਾ ਲੈਂਦਾ ਹੈ ਉਨ੍ਹਾਂ ਦਾ ਮੌਤ ਕੁਝ ਵੀ ਨਹੀਂ ਵਿਗਾੜ ਸਕਦੀ।

**ਜਿਨ੍ ਕਉ ਆਪਿ ਲਏ ਪ੍ਰਭੁ ਮੇਲਿ ॥ ਤਿਨ ਕਉ ਕਾਲੁ ਨ ਸਾਕੈ ਪੇਲਿ ॥ ॥੨॥**

**ਆਸਾ (ਮਃ ੧) - ਅੰਗ ੩੫੩**

ਜਿਹੜੇ ਵਿਅਕਤੀ ਪ੍ਰਮਾਤਮਾ ਨੂੰ ਯਾਦ ਨਹੀਂ ਕਰਦੇ ਤੇ ਉਸਦੇ ਪਵਿੱਤਰ ਗੁਣਾਂ ਨਾਲ ਦੂਰੀ ਬਣਾਈ ਰੱਖਦੇ ਹਨ ਉਹ ਇਹ ਜਨਮ ਹਾਰ ਜਾਂਦੇ ਹਨ ਅਤੇ ਫਿਰ ਆਵਾਗਵਣ ਦੇ ਚੱਕਰ ਵਿੱਚ ਪੈ ਕੇ ਚੌਰਾਸੀ ਲੱਖ ਜੂਨਾਂ ਦਾ ਸੰਤਾਪ ਹੰਢਾਉਂਦੇ ਹਨ, ਜੰਮਦੇ ਤੇ ਮਰਦੇ ਹਨ:

**ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥ ਜੀਵਿ ਜੀਵਿ ਮੁਏ ਮੁਏ ਜੀਵੇ ॥**

**ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ ॥**
**ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ ॥ ੧੨੩੮**

ਕਈ ਤਾਂ ਮਾਇਆ ਵਿੱਚ ਗਲਤਾਨ ਹੋ ਕੇ ਮੌਤ ਤੋਂ ਇਤਨੇ ਬੇਖ਼ਬਰ ਹੋ ਜਾਂਦੇ ਹਨ ਕਿ ਉਹ ਸਮਝਦੇ ਹਨ ਕਿ ਮੌਤ ਉਨ੍ਹਾਂ ਲਈ ਨਹੀਂ, ਉਨ੍ਹਾਂ ਨੇ ਤਾਂ ਕਦੇ ਮਰਨਾ ਹੀ ਨਹੀਂ । ਜਵਾਨੀ ਦੇ ਨਸ਼ੇ ਵਿੱਚ ਉਹ ਮੌਤ ਨਾਲ ਟਿੱਚਰਾਂ ਤੱਕ ਕਰਨ ਲਗ ਜਾਂਦੇ ਹਨ । ਅਜਿਹਾ ਹੀ ਇੱਕ ਨਾਦਾਨ ਇਨਸਾਨ ਜੋ ਮੌਤ ਦੀ ਹੋਂਦ ਨੂੰ ਨਾ ਮੰਨਦਾ ਹੋਇਆ ਆਪਣੇ ਆਪ ਨੂੰ ਉਸਤੇ ਹਾਵੀ ਸਮਝਦਾ ਹੈ ਅਤੇ ਸਦਾ ਜ਼ਿੰਦਾ ਰਹਿਣ ਦਾ ਦਾਅਵਾ ਕਰਦਾ ਹੈ ਦੀ ਵਿਥਿਆ ਇੱਥੇ ਸੰਖੇਪ ਰੂਪ ਵਿੱਚ ਅੰਕਤ ਕੀਤੀ ਜਾਂਦੀ ਹੈ ।

ਇੱਕ ਵਾਰੀ ਇੱਕ ਰਾਤ ਇਸ ਮਨੁੱਖ ਨੂੰ ਇੱਕ ਗ਼ਾਇਬੀ ਸ਼ਕਤੀ ਸੁਪਨੇ ਵਿੱਚ ਆਈ ਤੇ ਉਸਨੇ ਉਸਨੂੰ ਸਮਝਾਣ ਦੀ ਕੋਸ਼ਿਸ਼ ਕੀਤੀ ਕਿ ਹਰ ਇੱਕ ਲਈ ਮੌਤ ਦਾ ਦਿਨ ਨਿਸ਼ਚਿਤ ਹੈ ਇਸ ਲਈ ਉਹ ਵੀ ਮੌਤ ਦੇ ਮੂੰਹੋਂ ਬੱਚ ਨਹੀਂ ਸਕਦਾ ਪਰ ਆਪਣੀ ਜਵਾਨੀ ਤੇ ਤਾਕਤ ਦੇ ਨਸ਼ੇ ਵਿੱਚ ਉਸ ਨੌਜਵਾਨ ਨੇ ਗ਼ਾਇਬੀ ਸ਼ਕਤੀ ਨੂੰ ਸਾਫ਼ ਸ਼ਬਦਾਂ ਵਿੱਚ ਕਹਿ ਦਿੱਤਾ ਕਿ ਮੌਤ ਦਾ ਦਿਨ ਉਸ ਤੇ ਕਦੀ ਨਹੀਂ ਆਵੇਗਾ ਪਰ ਜੇ ਉਸਨੇ ਆਉਣਾ ਹੀ ਹੈ ਅਤੇ ਮੌਤ ਅਟੱਲ ਹੈ ਤਾਂ ਗੁਪਤ ਅਸਮਾਨੀ ਸ਼ਕਤੀਏ ਤੂੰ ਮੇਰੇ ਤੇ ਇੱਕ ਉਪਕਾਰ ਕਰ ਦੇ, ਉਹ ਇਹ ਕਿ ਜੋ ਹੋ ਸਕੇ ਤਾਂ ਮੇਰੀ ਮੌਤ ਤੋਂ ਪਹਿਲਾਂ ਮੈਨੂੰ ਸੁਨੇਹਾ ਭੇਜ ਦੇਈਂ ਕਿ ਮੌਤ ਆ ਰਹੀ ਹੈ ਤਾਂ ਜੋ ਮੈਂ ਨਾ ਮਰਨ ਦੇ ਹੋਰ ਪੱਕੇ ਪ੍ਰਬੰਧ ਕਰ ਲਵਾਂ ਤੇ ਸਾਬਤ ਕਰ ਸਕਾਂ ਕਿ ਮੌਤ ਮੇਰਾ ਕੁਝ ਨਹੀਂ ਵਿਗਾੜ ਸਕਦੀ । ਉਸ ਸ਼ਕਤੀ ਨੇ ਅਜਿਹਾ ਕਰਨਾ ਮੰਨ ਲਿਆ ਤੇ ਫਿਰ ਉਹ ਅਲੋਪ ਹੋ ਗਈ । ਕਈ ਸਾਲ ਬੀਤ ਗਏ ਉਸ ਬੰਦੇ ਦੀਆਂ ਅੱਖਾਂ ਕੁਝ ਕਮਜ਼ੋਰ ਹੋਣ ਲੱਗੀਆਂ । ਉਸਨੇ ਫੌਰਨ ਐਨਕਾਂ ਲਵਾ ਲਈਆਂ, ਵਾਲ ਸਫੇਦ ਹੋਣ ਲੱਗੇ ਤਾਂ ਉਸ ਕਲਫ਼ ਲਗਾਣਾ ਸ਼ੁਰੂ ਕਰ ਦਿੱਤਾ, ਕੰਨਾਂ ਵਿੱਚੋਂ ਸੁਣਨ ਸ਼ਕਤੀ ਮੱਧਮ ਹੋਣੀ ਮਹਿਸੂਸ ਹੋਈ ਤਾਂ ਸੁਣਨ ਯੰਤਰ ਫਿਟ ਕਰਵਾ ਲਿਆ ਪਰ ਇਤਨੇ ਤਰੱਦਦ ਕਰਨ ਤੇ ਵੀ ਉਸਨੂੰ ਭਾਂਪਿਆ ਕਿ ਉਸਦੀ ਸ਼ਕਤੀ ਦਿਨ ਬਦਿਨ ਘਟਦੀ ਜਾ ਰਹੀ ਹੈ । ਆਪਣੇ ਅੰਦਰ ਹੀਨਤਾ ਭਾਵ ਨਾ ਵੱਧ ਜਾਵੇ ਇਸ ਲਈ ਉਸਨੇ ਆਪਣੇ ਰਹਿਣ ਵਾਲੇ ਕਮਰੇ ਵਿੱਚ ਹਰ ਥਾਂ ਵੱਡੇ ਵੱਡੇ ਅੱਖਰਾਂ ਵਿੱਚ ਲਿਖ ਕੇ ਲਗਾ ਦਿੱਤਾ Death is no where ਭਾਵ ਮੌਤ ਕਿਧਰੇ ਵੀ ਨਹੀਂ । ਪਰ ਮੌਤ ਦਾ ਫਰਿਸ਼ਤਾ ਕਿਸਨੂੰ ਬਖ਼ਸ਼ਦਾ ਹੈ ? ਉਹ ਮਨੁੱਖ ਦਿਨ ਪ੍ਰਤੀ ਦਿਨ ਨਿਤਾਣਾ ਹੁੰਦਾ ਗਿਆ । ਆਖਿਰ ਇੱਕ ਦਿਨ ਉਸਨੂੰ ਖ਼ਿਆਲ ਆਇਆ ਕਿ ਗ਼ਾਇਬੀ ਸ਼ਕਤੀ ਨੇ ਮਰਨ ਤੋਂ ਪਹਿਲੇ ਸੁਨੇਹਾ ਭੇਜਣਾ ਸੀ ਉਹ ਵੀ ਤਾਂ ਨਹੀਂ ਆਇਆ ਇਸ ਲਈ ਮੌਤ ਤੋਂ ਕੀ ਡਰਨਾ, ਉਸਦਾ ਕੋਈ ਵਜੂਦ ਨਹੀਂ । ਕਹਿੰਦੇ ਹਨ ਉਸੇ ਰਾਤ ਉਹ ਗ਼ਾਇਬੀ ਸ਼ਕਤੀ ਫਿਰ ਉਸਨੂੰ ਸੁਪਨੇ ਵਿੱਚ ਆਈ ਤੇ ਉਸਨੇ ਉਸਨੂੰ ਦੱਸਿਆ ਕਿ ਉਸਨੇ ਤਾਂ ਉਸ ਮਨੁੱਖ ਨੂੰ ਤਿੰਨ ਸੁਨੇਹੇ ਭੇਜੇ ਹਨ ਕਿ ਜਵਾਨੀ ਜਾ ਰਹੀ ਹੈ ਤੇ ਅੱਗਾ ਨੇੜੇ ਆ ਰਿਹਾ ਹੈ ਇਸ ਲਈ ਯੋਗ

ਪ੍ਰਬੰਧ ਕਰ ਲੈ । ਉਸ ਵਿਅਕਤੀ ਨੇ ਉੱਤਰ ਵਿੱਚ ਕਿਹਾ ਕਿ ਉਸਨੂੰ ਤਾਂ ਕੋਈ ਸੁਨੇਹਾ ਨਹੀਂ ਮਿਲਿਆ । ਇਸਦੇ ਉੱਤਰ ਵਿੱਚ ਉਸ ਗੁਪਤ ਸ਼ਕਤੀ ਨੇ ਉਸਨੂੰ ਸਮਝਾਂਦਿਆਂ ਹੋਇਆਂ ਕਿਹਾ ਕਿ ਤੈਨੂੰ ਪਹਿਲਾ ਸੁਨੇਹਾ ਤੇਰੀਆਂ ਅੱਖਾਂ ਕਮਜ਼ੋਰ ਹੋਣ ਦੁਆਰਾ ਭੇਜਿਆ ਗਿਆ ਸੀ ਜਿਸਦੀ ਤੂੰ ਪ੍ਰਵਾਹ ਨਹੀਂ ਕੀਤੀ ਤੇ ਐਨਕਾਂ ਲਗਵਾ ਕੇ ਬੇਪਰਵਾਹੀ ਵਿਖਾ ਗਿਆ । ਦੂਜਾ ਸੁਨੇਹਾ ਸਫੇਦ ਵਾਲਾਂ ਦੁਆਰਾ ਭੇਜਿਆ ਗਿਆ ਪਰ ਤੂੰ ਬਨਾਵਟੀ ਰੰਗ ਨਾਲ ਅਸਲੀਅਤ ਛੁਪਾਣ ਦੇ ਯਤਨ ਕੀਤੇ ਤੇ ਇਸੇ ਤਰ੍ਹਾਂ ਸੁਣਨ ਸ਼ਕਤੀ ਵਿੱਚ ਵਾਪਰੀ ਕਮੀ ਨੂੰ ਵੀ ਅੱਖੋਂ ਪਰੋਖੇ ਕਰ ਦਿੱਤਾ । ਇਸ ਲਈ ਇਨ੍ਹਾਂ ਘਟਨਾਵਾਂ ਤੋਂ ਇਹ ਸਪੱਸ਼ਟ ਹੈ ਕਿ ਮੈਂ ਤਾਂ ਆਪਣਾ ਵਾਇਦਾ ਪੂਰਾ ਕੀਤਾ ਹੈ ਤੂੰ ਹੀ ਪ੍ਰਵਾਹ ਨਹੀਂ ਕੀਤੀ । ਉਸ ਬੰਦੇ ਨੂੰ ਰੋਸ਼ ਆ ਗਈ ਤੇ ਮੌਤ ਦੀ ਅਟੱਲ ਸੱਚਾਈ ਦਾ ਪਹਿਲੀ ਵਾਰੀ ਉਸਨੂੰ ਅਹਿਸਾਸ ਹੋਣਾ ਸ਼ੁਰੂ ਹੋਇਆ । ਫਿਰ ਇੱਕ ਦਿਨ ਜਦ ਉਹ ਰਾਤ ਨੂੰ ਆਪਣੇ ਕਮਰੇ ਵਿੱਚ ਲੇਟਿਆ ਹੋਇਆ ਸੀ ਜਿੱਥੇ ਉਸਨੇ ਹਰ ਪਾਸੇ ਲਿਖਵਾਇਆ ਸੀ ਕਿ Death is no where ਤਾਂ ਉਹ ਆਪਣੇ ਇਸ ਲਿਖੇ ਨੂੰ ਇਵੇਂ ਪੜ੍ਹਨ ਲਗ ਪਿਆ Death is now here ਭਾਵ ਕਿ ਮੌਤ ਹੁਣ ਇੱਥੇ ਹੈ ।' ਇੱਕ ਹਰਫ਼ 'w' ਨੂੰ where ਤੋਂ ਲਾਹ ਕੇ NO ਦੇ ਨਾਲ ਲਗਾ ਕੇ Now ਪੜ੍ਹਨ ਨਾਲ ਹੀ ਉਸਦੀ ਮੌਤ ਉਸਨੂੰ ਪ੍ਰਤੱਖ ਦਿਸਣ ਲਗ ਪਈ ਤੇ ਉਹ ਪਲਾਂ ਪਲਾਂ ਵਿੱਚ ਫਾਨੀ ਸੰਸਾਰ ਤੋਂ ਕੂਚ ਕਰ ਗਿਆ । ਉਸਨੂੰ ਸ਼ਾਇਦ ਪਤਾ ਨਹੀਂ ਕਿ ਜਵਾਨੀ ਦੇ ਦੋ ਪਲ ਸਮੁੱਚੀ ਜ਼ਿੰਦਗੀ ਦੇ ਸੁਪਨੇ ਨਿਆਈਂ ਹੁੰਦੇ ਹਨ । ਜਵਾਨੀ ਜਾ ਕੇ ਵਾਪਸ ਨਹੀਂ ਆਉਂਦੀ ਅਤੇ ਬੁਢਾਪਾ ਆ ਕੇ ਵਾਪਸ ਨਹੀਂ ਜਾਂਦਾ । ਇਹ ਘਟਨਾ ਸਾਨੂੰ ਇਸ ਗੱਲ ਦਾ ਅਹਿਸਾਸ ਕਰਵਾਂਦੀ ਹੈ ਕਿ ਮੌਤ ਨਿਸ਼ਚਤ ਹੈ ਅਤੇ ਸਾਨੂੰ ਉਸਨੂੰ ਸਵੀਕਾਰ ਕਰਨ ਲਈ ਤੱਤਪਰ ਰਹਿਣਾ ਚਾਹੀਦਾ ਹੈ ਅਤੇ ਜਿੱਥੇ ਤੱਕ ਵਸ ਚਲੇ ਮਨੁੱਖ ਨੂੰ ਚੰਗੇ ਕਰਮ ਹੀ ਕਰਨੇ ਚਾਹੀਦੇ ਹਨ ਅਤੇ ਮਾੜੇ ਕਰਮਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਪਰ ਮਾੜੇ ਕਰਮ ਕਰਨ ਲਗਿਆ ਉਹ ਇਹ ਸਮਝਦਾ ਹੈ ਕਿ ਉਹ ਜੋ ਕੁਝ ਵੀ ਕਰ ਰਿਹਾ ਹੈ ਉਹ ਠੀਕ ਹੈ ਅਤੇ ਉਸਦੇ ਫਾਇਦੇ ਲਈ ਹੀ ਹੈ । ਗੁਰੂ ਅਰਜਨ ਦੇਵ ਜੀ ਇਸ ਬਾਰੇ ਵੀ ਆਪਣੇ ਇੱਕ ਸ਼ਬਦ ਵਿੱਚ ਫਰਮਾਨ ਕਰਦੇ ਹਨ ਕਿ:

**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥**
**ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥**

**ਮਾਝ ਬਾਰਹਮਾਹਾ (ਮਃ ੫) – ਅੰਗ ੧੩੩**

ਇਸ ਲਈ ਮਨੁੱਖ ਨੂੰ ਆਪਣਾ ਅੱਗਾ ਸਵਾਰਨ ਲਈ ਚੰਗੇ ਕਰਮ ਹੀ ਕਰਨੇ ਚਾਹੀਦੇ ਹਨ । ਗੁਰਬਾਣੀ ਦੀਆਂ ਨਿਮਨ ਪੰਗਤੀਆਂ ਇਸ ਬਾਰੇ ਪਰਮਾਣ ਪੇਸ਼ ਕਰਦੀਆਂ ਹਨ

(i) ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ - ਅੰਗ ੧੩੪

(ii) **ਜੇਹੇ ਕਰਮ ਕਮਾਇ ਤੇਹਾ ਹੋਇਸੀ ॥ ਸੂਹੀ (ਮ: ੧) - ਅੰਗ ੭੩੦**

(iii) **ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥ ਆਸਾ ਕੀ ਵਾਰ (ਮ: ੧) - ਅੰਗ ੪੬੮**

(iv) **ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥ -**
**ਆਸਾ ਪਟੀ (ਮ: ੧) - ਅੰਗ ੪੩੩**

ਇਸ ਸਭ ਕੁਝ ਦੇ ਜਾਣਦਿਆਂ ਹੋਇਆਂ ਗੁਰਬਾਣੀ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਦਾ ਮਰਗ ਦਰਸ਼ਨ ਬਣਾਉਂਦੇ ਹੋਏ ਹਰ ਪਰਾਣੀ ਨੂੰ ਆਪਣੇ ਕਰਮ ਉੱਜਵਲ ਕਰਨੇ ਚਾਹੀਦੇ ਹਨ, ਆਚਾਰ ਉੱਤਮ ਬਣਾਉਣਾ ਚਾਹੀਦਾ ਹੈ, ਪ੍ਰਭੂ ਪ੍ਰੇਮ ਵਿੱਚ ਲਿਵ ਜੋੜਨੀ ਚਾਹੀਦਾ ਹੈ, ਦੂਜੇ ਦੇ ਹਿਤਾਂ ਨੂੰ ਸਤਿਕਾਰਨਾ ਚਾਹੀਦਾ ਹੈ ਤਾਕਿ ਸਵੱਛ ਜੀਵਨ ਜੀ ਕੇ ਪਤ ਸੇਤੀ ਉਸ ਅਕਾਲਪੁਰਖ ਦੇ ਘਰ ਜਾਇਆ ਜਾ ਸਕੇ ਜਿਸਦੇ ਵਸ ਵਿੱਚ ਸਭ ਕਾਰ ਬਿਹਾਰ ਤੇ ਕਾਲ ਕੰਟਕ ਹਨ। ਅਜਿਹਾ ਹੋਣ ਨਾਲ ਜਮਾਂ ਦੀ ਮਾਰ ਤੋਂ ਬਚਿਆ ਜਾ ਸਕਦਾ ਹੈ।

**ਭਗਤਾ ਨੋ ਜਮੁ ਜੋਹਿ ਨ ਸਾਕੈ ਕਾਲੁ ਨ ਨੇੜੈ ਜਾਈ ॥**
**ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ ॥**
**ਸੋਰਠਿ (ਮ: ੩) - ਅੰਗ ੬੩੭**

ਮੌਤ ਦੇ ਡਰ ਤੋਂ ਮੁਕਤੀ ਪ੍ਰਪਤ ਕਰਨ ਅਤੇ ਜੀਵਨ ਦਾ ਸਦਉਪਯੋਗ ਕਰਨ ਹਿਤ ਗੁਰੂ ਦੀ ਅਗਵਾਈ ਅਤੀ ਅਵੱਸ਼ਕ ਹੈ। ਉਹ ਹੀ ਸਾਨੂੰ ਸਹੀ ਮਾਰਗ ਦੀ ਜਾਣਕਾਰੀ ਬਖ਼ਸ਼ ਕੇ ਇਸ ਭਵ ਸਾਗਰ ਤੋਂ ਪਾਰ ਉੱਤਰ ਜਾਣ ਦੀ ਅਮਲੀ ਜਾਚ ਸਿੱਖਾ ਸਕਦਾ ਹੈ। ਇਹ ਗੱਲ ਕਿਸੇ ਢੋਂਗੀ ਤੇ ਚਿਟ ਕਪੜੀ ਸਾਧ ਤੋਂ ਸੰਭਵ ਨਹੀਂ ਸਗੋਂ ਸੱਚੇ ਪਾਤਸ਼ਾਹ ਦੀ ਸ਼ਰਨ ਵਿੱਚ ਆ ਕੇ ਸੰਭਵ ਹੋ ਸਕਦੀ ਹੈ। ਫਰਮਾਨ ਹੈ:

**ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥**
**ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥੧॥**
**ਮਾਰੂ ਵਾਰ:੨ (ਮ: ੫) - ਅੰਗ ੧੧੦੨**

ਗੁਰਬਾਣੀ ਦੇ ਇਸ ਜ਼ੋਰਦਾਰ ਸੰਦੇਸ਼ ਉੱਤੇ ਅਮਲ ਕਰਦਿਆਂ ਹੋਇਆਂ ਸੱਚੇ ਗੁਰੂ ਦੇ ਲੜ ਲਗਣਾ ਚਾਹੀਦਾ ਹੈ ਅਤੇ ਕਿਸੇ ਗੁਰਮੁਖ ਦੀ ਸੰਗਤ ਹੀ ਕਰਨੀ ਚਾਹੀਦੀ ਹੈ ਜਿਹੜਾ ਸੱਚੇ ਪਰਮਾਤਮਾ ਨਾਲ ਜੁੜਿਆ ਹੋਵੇ। ਇਸ ਲਈ ਮੌਤ ਦੇ ਡਰ ਤੋਂ ਨਵਿਰਤ ਹੋਣਾ ਹੋਵੇ, ਜੀਵਨ ਨੂੰ ਕਾਮਯਾਬੀ ਨਾਲ ਸੰਪੰਨ ਕਰਨਾ ਹੋਵੇ ਤਾਂ ਗੁਰਮੁਖਾਂ ਦਾ ਸਾਥ ਸਹਾਈ ਸਿੱਧ ਹੋ ਸਕਦਾ ਹੈ ਜੋ ਪ੍ਰਭੂ ਦੇ ਦਰ ਦੇ ਭਗਤ ਹਨ।

**ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥**
**ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ ॥੬੬॥**

**ਸਲੋਕ ਵਾਰਾਂ ਤੇ ਵਧੀਕ (ਮਃ ੩) – ਅੰਗ ੧੪੨੧**

**ਧੰਨਵਾਦਿ ਸਾਹਿਤ ਵਿਚੋਂ :– ਗੁਰਬਾਣੀ ਸੰਕਲਪ**

# ਗਤੀਵਿਧੀਆਂ

**ਮਹੀਨਾਵਾਰੀ ਸਮਾਗਮ:–** ਹਰ ਮਹੀਨੇ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵੱਲੋਂ ਘਰਾਂ ਵਿੱਚ ਗੁਰਮਤਿ ਸਮਾਗਮ ਸ਼ੁਰੂ ਕੀਤੇ ਗਏ ਹਨ । ਜੂਨ ਮਹੀਨੇ ਦਾ ਸਮਾਗਮ 23 ਜੂਨ ਨੂੰ ਸ.ਗੁਰਦੀਪ ਸਿੰਘ ਜੀ ਦੇ ਗ੍ਰਹਿ #119, ਫੇਸ–6 ਮੋਹਾਲੀ ਵਿਖੇ ਹੋਇਆ । ਜੁਲਾਈ ਮਹੀਨੇ ਦਾ ਸਮਾਗਮ 7 ਜੁਲਾਈ ਸ. ਰਜਿੰਦਰਪਾਲ ਸਿੰਘ ਸਰਨਾ ਜੀ ਦੇ ਗ੍ਰਹਿ # 107 ,ਸਿਵਾਲਿਕ ਵਿਹਾਰ ,ਨਵਾ ਗਾਓ ਵਿਖੇ ਹੋਵੇਗਾ । ਇਸ ਲੜੀ ਰਾਹੀਂ ਜਿਥੇ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਟ੍ਰੇਨਿੰਗ ਮਿਲ ਰਹੀ ਹੈ, ਉਥੇ ਹੀ ਆਮ ਸੰਗਤਾਂ ਵਿੱਚ ਗੁਰਮਤਿ ਪ੍ਰਚਾਰ ਅਤੇ ਸੰਗਤਾਂ ਦ ਸਹਿਯੋਗ ਵੀ ਪ੍ਰਾਪਤ ਹੋ ਰਿਹਾ ਹੈ ।

**ਗੁਰਮਤਿ ਸਮਰ ਕੈਂਪ :–**

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਗਰਮੀ ਦੀਆਂ ਛੁੱਟੀਆਂ ਵਿੱਚ ਮਿਤੀ 4 ਜੂਨ ਤੋਂ 24 ਜੂਨ ਤੱਕ** ਗੁਰਮਤਿ ਕਲਾਸਾ ਗੁਰਮਤਿ ਪ੍ਰਸਾਰ ਭਵਨ ਵਿਖੇ ਲਗਾਈਆਂ ਗਈਆਂ ਜਿਸ ਵਿੱਚ 50 ਬੱਚਿਆਂ ਨੇ ਭਾਗ ਲਿਆ ।ਇਹਨਾ ਬੱਚਿਆਂ ਨੂੰ ਗੁਰਮਤਿ, ਗੁਰਬਾਣੀ ਕੀਰਤਨ, ਗੁਰ ਇਤਿਹਾਸ, ਕਵਿਤਾ, ਦਸਤਾਰ ਸਜਾਉਣੀ ਦੁਮਾਲਾ ਸਜਾਉਣਾ, ਸਿਖਾਇਆ ਗਿਆ ।

**ਯੋਗਾ ਕੈਂਪ** :– ਇਸ ਤੋਂ ਇਲਾਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਯੋਗ ਆਸਨ ਅਤੇ ਫਿਟਨਸ ਐਕਸਰਸਾਇਜ ਕਰਵਾਉਣ ਦੀ ਸੇਵਾ ਸ. ਇੰਦਰਜੀਤ ਸਿੰਘ ਮੁੱਖ ਸੇਵਾਦਾਰ ਗੁਰਮਤਿ ਪ੍ਰਸਾਰ ਸੇਵਾ ਸੋਸਾਈਟੀ ਨੇ ਨਿਭਾਈ ।

**ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ**:– ਸ਼ਹੀਦਾਂ ਦੇ ਸਿਰਤਾਜ ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ ਧੰਨ–ਧੰਨ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਸਮਾਗਮਾਂ ਦੀ ਲੜੀ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ,ਮਿਤੀ 13-06-2018 (ਬੁੱਧਵਾਰ) ਤੋਂ 17-06-2018 (ਐਤਵਾਰ) ਵੱਖ–ਵੱਖ ਗੁਰਦੁਆਰਾ ਸਾਹਿਬਾਨ ਦੀ ਪ੍ਰਬੰਧਕਾਂ ਕਮੇਟੀਆਂ ਦੇ ਸਹਿਯੋਗ ਨਾਲ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਆਯੋਜਿਤ ਕੀਤਾ ਗਿਆ ।

## ਮਿਤੀ 13 ਜੂਨ, 2018 (ਬੁੱਧਵਾਰ)

## ਸਥਾਨ : ਗੁਰਦੁਆਰਾ ਸ੍ਰੀ ਗੁਰੂ ਅਰਜੁਨ ਦੇਵ ਜੀ ਸੰਨੀ ਇਨਕਲੇਵ, ਖਰੜ


ਕੀਰਤਨ-ਭਾਈ ਹਰਪ੍ਰੀਤ ਸਿੰਘ


ਗੁਰਮਤਿ ਵਿਚਾਰਾਂ-ਭਾਈ ਪ੍ਰਦੀਪ ਸਿੰਘ, ਅਕਾਲ ਆਸ਼ਰਮ, ਸੋਹਾਣਾ


ਕੀਰਤਨ-ਸ. ਬਲਵਿੰਦਰ ਸਿੰਘ ਸਾਗਰ

## ਮਿਤੀ 14 ਜੂਨ, 2018 (ਵੀਰਵਾਰ)

## ਸਥਾਨ : ਗੁਰਦੁਆਰਾ ਕਲਗੀਧਰ ਸਿੰਘ ਸਭਾ ਫੇਜ-4, ਮੋਹਾਲੀ


ਕੀਰਤਨ-ਭਾਈ ਵਰਿੰਦਰ ਸਿੰਘ



ਗੁਰਮਤਿ ਵਿਚਾਰਾਂ-ਪ੍ਰਿ. ਨਰਿੰਦਰ ਬੀਰ ਸਿੰਘ


ਕੀਰਤਨ-ਭਾਈ ਤਵਨੀਤ ਸਿੰਘ, ਚੰਡੀਗੜ੍ਹ

## ਮਿਤੀ 15 ਜੂਨ, 2018 (ਸ਼ੁੱਕਰਵਾਰ)

## ਸਥਾਨ : ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ, ਛਜੂ ਮਾਜਰਾ, ਖਰੜ


ਕੀਰਤਨ-ਭਾਈ ਕਵਲਜੀਤ ਸਿੰਘ


ਗੁਰਮਤਿ ਵਿਚਾਰਾਂ-ਭਾਈ ਕਮਲਜੀਤ ਸਿੰਘ


ਕੀਰਤਨ-ਭਾਈ ਜਸਵਿੰਦਰ ਸਿੰਘ, ਚੰਡੀਗੜ੍ਹ

## ਮਿਤੀ 16 ਜੂਨ, 2018 (ਸ਼ਨਿਚਰਵਾਰ)

## ਸਥਾਨ : ਗੁਰਦੁਆਰਾ ਸ੍ਰੀ ਗੁਰੂ ਹਰਿ ਸਹਾਇ ਸਾਹਿਬ ਜੀ, ਖਰੜ


ਕੀਰਤਨ-ਭਾਈ ਜਸਕਰਨ ਬੀਰ ਸਿੰਘ


ਗੁਰਮਤਿ ਵਿਚਾਰਾਂ-ਭਾਈ ਹਰਵੀਰ ਸਿੰਘ


ਕੀਰਤਨ-ਭਾਈ ਹਿਰਦੈਜੀਤ ਸਿੰਘ

# ਮਿਤੀ 17 ਜੂਨ, 2018 (ਐਤਵਾਰ)

## ਸਥਾਨ : ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾ, ਖਰੜ

ਕੀਰਤਨ-ਭਾਈ ਭੁਪਿੰਦਰ ਸਿੰਘ



ਗੁਰਮਤਿ ਵਿਚਾਰਾਂ-ਭਾਈ ਰਮਨਦੀਪ ਸਿੰਘ



ਕੀਰਤਨ-ਭਾਈ ਰਣਜੀਤ ਸਿੰਘ

**ਸ਼ੁਕਰਾਨਾ ਸਮਾਗਮ :-**ਮਿਤੀ 24-6-2018 (ਐਤਵਾਰ) ਨੂੰ ਗੁਰਮਤਿ ਕਲਾਸਾ ਦੀ ਸੰਪੂਰਨਤਾ ਤੇ ਸ਼ੁਕਰਾਨਾ ਸਮਾਗਮ ਕੀਤੇ ਗਏ ਜਿਸ ਵਿੱਚ ਗੁਰਮਤਿ ਕਲਾਸਾ ਲਗਾਉਣ ਵਾਲੇ ਬੱਚਿਆ ਨੇ ਸੰਗਤਾ ਨੂੰ ਗੁਰਬਾਣੀ ਕੀਰਤਨ, ਕਵੀਤਾ ਨਾਲ ਨਿਹਾਲ ਕੀਤਾ ।ਗੁਰਮਤਿ ਕਲਾਸਾ ਲਗਾਉਣ ਵਾਲੇ ਸਾਰੇ ਬੱਚਿਆ ਨੂੰ ਸਨਮਾਨਿਤ ਕੀਤਾ ਗਿਆਂ ।ਉਪਰੰਤ ਚਾਹ ਪਕੌੜਿਆ ਦੇ ਲੰਗਰ ਵਰਤਾਏ ਗਏ । ਸੰਗਤਾ ਨੇ ਇਸ ਉਪਰਾਲੇ ਦੀ ਬਹੁਤ ਸਲਾਘਾ ਕੀਤੀ ।









# ਜੁਲਾਈ ਮਹੀਨੇ ਦੇ ਸਮਾਗਮ:-

1. ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 16-07-2016 ਦਿਨ ਸ਼ਨੀਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ ਦੇ ਵਿਸ਼ੇ 'ਸਾਵਣ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ' ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

### ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਜੂਨ 2018 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 63 | 147 | 210 |
| 2 | Eye | 22 | 34 | 56 |
| 3 | Cardiology | 05 | 38 | 43 |
| 4 | Dental | 05 | 10 | 15 |
| 5 | Gynaecology | 10 | 27 | 37 |
| 6 | Homoeopathy | 33 | 349 | 382 |
| 7 | Physiotherapy | - | - | - |
| | Total | 138 | 605 | 743 |
| | Laboratory | 176 | - | 176 |

## ਧੰਨਵਾਦ :

## ਜੂਨ 2018 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

1. Bibi Jasbir Kaur # 100/Phase-3BI/Mohali 1,100/-
2. S. Amarjit Singh/Mohali 1,100/-
3. Bibi Tripta Chopra #139/1/Sector-45A/ Chd 500/-
4. S. Dhanwant Singh #447/Phase-IV/Mohali 1,000/-
5. S. Chandeep Singh #99/Phase-3BI/Mohali 10,000/-
6. Bibi Trinderjit Kaur #992/Sector-69/Mohali 15,000/-
7. S.B.M. Singh # 416/Sector-44A/Chd 1,000/-
8. S. Jasbir Singh/Kapurthala/Punjab 15,000/-
9. S. Pritam Singh/Kapurthala/Punjab 15,000/-
10. Col. H.S Uppal #306/Sec. 33A/Chd 40,000/-
11. S. Narinder Bir Singh #1444/Sec 34C/Chd 2,500/-
12. Bibi Surjit Kaur #1444/Sec 34C/Chd 2,000/-
13. S. Amarpreet Singh/Mundi Kharar 100/-
14. S. Amarjit Singh/Mundi Kharar 300/-
15. Jolly Studio/ Mundi Kharar 200/-
16. Smt. Mata Ji/ Mundi Kharar 100/-
17. Bibi Harpreet Kaur Saluja #53/Sec.70/Chd 1,000/-
18. S. Maninder Singh/ Mundi Kharar 100/-
19. Bibi Jasdeep Kaur Mundi Kharar 51/-
20. S. Kulvinder Singh# 843/Sec.4/ Mundi Kharar 100/-
21. S. Jagjit Singh/ Mundi Kharar 100/-
22. S. Darshan Singh/ Mundi Kharar 100/-
23. Bibi Avneet Kaur / Mundi Kharar 200/-
24. Bibi Arpit Kaur / Mundi Kharar 100/-
25. S. Harjinder Singh/ Mundi Kharar 100/-
26. S. Dilbagh Singh/ Satkar Properties/M.Kharar 500/-
27. S. Kamaljit Singh/ Mundi Kharar 100/-
28. Bibi Suhinderjit Kaur/Mundi Kharar(Mari Gold) 100/-
29. S. Naunihal Singh/ Mundi Kharar 500/-
30. Bibi Swaran Kaur/ Mundi Kharar 200/-
31. Bibi Parsin Kaur# 459/Sec.44A/Chd 500/-
32. Bibi Jasleen Kaur #1369/Sec.40B/Chd 500/-
33. S. Surinder Singh#303/Sec.20A/Chd 500/-
34. Bibi Narinder Kaur #800/Sec.43A/Chd 800/-
35. Bibi Rajleen Kaur #836/Phase II/Mohali 500/-
36. Bibi. Harleen Kaur Sarna #107G, Shivalik Vihar Naya Goan, Mohali 500/-
37. Bibi Harpreet Kaur #461/Sec 44A/Chd 1,000/-
38. S. Harsharnpal Singh Bhatia #461/Sec. 44A 1,000/-
39. Bibi Gurdeep Kaur #461/Sec. 44A/Chd 1,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।